People's Herald

Rs- 100/month

People's Herald



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

"Equality and Justice"

स्वतंत्रता, समानता, भाईचारा

PATIALA On line paper **01 ਜੁਲਾਈ 2025 ਮੰਗਲਵਾਰ "ਰੋਜ਼ਾਨਾ" ਸਾਲ ਚੌਥਾ** w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

**ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ**



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



**ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।**
**ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।**
**ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।**

## 3,500 ਐਸਸੀ, ਐਸਟੀ ਵਿਦਿਆਰਥੀਆਂ ਵਿੱਚ ਸਕਾਲਰਸ਼ਿਪ ਵਿੱਚ ਦੇਰੀ ਕਾਰਨ 'ਬੇਚੈਨੀ ਅਤੇ ਗੁੱਸਾ'; ਮਾਇਆਵਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਜੂਨ
INTERNATIONAL PAPER, 94636 01616
hardipchumber57@gmail.com

ਬਹੁਜਨ ਸਮਾਜ ਪਾਰਟੀ (ਬਸਪਾ) ਦੀ ਪ੍ਰਧਾਨ ਮਾਇਆਵਤੀ ਨੇ ਐਤਵਾਰ ਨੂੰ ਅਲੀਗੜ੍ਹ ਵਿੱਚ ਰਾਜਾ ਮਹਿੰਦਰ ਪ੍ਰਤਾਪ ਸਿੰਘ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿੱਚ ਦਲਿਤ ਅਤੇ ਆਦਿਵਾਸੀ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਵੰਡਣ ਵਿੱਚ ਦੇਰੀ ਤੋਂ ਬਾਅਦ ਲੋਕਾਂ ਵਿੱਚ "ਬੇਚੈਨੀ ਅਤੇ ਗੁੱਸਾ" ਦਾ ਦੋਸ਼ ਲਗਾਇਆ।

ਇਸ ਮਾਮਲੇ ਵਿੱਚ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਤੋਂ ਤੁਰੰਤ ਦਖਲ ਦੀ ਮੰਗ ਕਰਦੇ ਹੋਏ, ਵਿਰੋਧੀ ਪਾਰਟੀ ਦੇ ਮੁਖੀ ਨੇ ਦੱਸਿਆ ਕਿ 3,500 ਦਲਿਤ ਵਿਦਿਆਰਥੀ ਪ੍ਰਭਾਵਿਤ ਹੋਏ ਹਨ ਕਿਉਂਕਿ ਸਕਾਲਰਸ਼ਿਪ ਸਮੇਂ ਸਿਰ ਨਹੀਂ ਵੰਡੀ ਗਈ ਹੈ।

ਸਾਬਕਾ ਮੁੱਖ ਮੰਤਰੀ ਨੇ X, ਜੋ ਪਹਿਲਾਂ ਟਵਿੱਟਰ ਸੀ, 'ਤੇ ਲਿਖਿਆ, "ਲੋਕਾਂ ਵਿੱਚ ਬੇਚੈਨੀ ਅਤੇ ਗੁੱਸਾ ਹੈ ਕਿਉਂਕਿ ਯੂਨੀਵਰਸਿਟੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੁਆਰਾ ਇਸ ਸਬੰਧ ਵਿੱਚ ਵਾਰ-ਵਾਰ ਪੱਤਰ ਵਿਹਾਰ ਕਰਨ ਦੇ ਬਾਵਜੂਦ ਦਲਿਤ ਵਿਦਿਆਰਥੀਆਂ ਦੀ ਸਿੱਖਿਆ ਦਾਅ 'ਤੇ ਲੱਗੀ ਹੋਈ ਹੈ।"

ਸਮਾਜ ਭਲਾਈ ਵਿਭਾਗ ਵੱਲੋਂ "ਅਸੰਵੇਦਨਸ਼ੀਲਤਾ ਅਤੇ ਲਾਪਰਵਾਹੀ" ਦਾ ਦੋਸ਼ ਲਗਾਉਂਦੇ ਹੋਏ, ਮਾਇਆਵਤੀ ਨੇ ਦੋਸ਼ ਲਗਾਇਆ ਕਿ ਯੂਨੀਵਰਸਿਟੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੁਆਰਾ ਇਸ ਸਬੰਧ ਵਿੱਚ ਵਾਰ-ਵਾਰ ਪੱਤਰ ਵਿਹਾਰ ਕਰਨ ਦੇ ਬਾਵਜੂਦ ਦਲਿਤ ਵਿਦਿਆਰਥੀਆਂ ਦੀ ਸਿੱਖਿਆ ਦਾਅ 'ਤੇ ਲੱਗੀ ਹੋਈ ਹੈ।

"ਕਿਉਂਕਿ ਯੂਨੀਵਰਸਿਟੀ ਮੁੱਖ ਮੰਤਰੀ ਦੇ ਯਤਨਾਂ ਸਦਕਾ ਸਥਾਪਿਤ ਹੋਈ ਹੈ, ਇਸ ਲਈ ਉਮੀਦ ਕੀਤੀ ਜਾਂਦੀ ਹੈ ਕਿ ਉਹ ਤੁਰੰਤ ਇਸਦੇ ਸੁਚਾਰੂ ਕੰਮਕਾਜ ਵਿੱਚ ਦਿਲਚਸਪੀ ਲੈਣਗੇ ਅਤੇ ਹਜ਼ਾਰਾਂ ਦਲਿਤ ਵਿਦਿਆਰਥੀਆਂ ਦੀ ਇਸ ਗੰਭੀਰ ਸਮੱਸਿਆ ਦਾ ਹੱਲ ਲੱਭਣਗੇ," ਉਸਨੇ ਅੱਗੇ ਕਿਹਾ।

ਇਸ ਦੌਰਾਨ, ਸਰਕਾਰੀ ਅਧਿਕਾਰੀਆਂ ਨੇ ਕਿਹਾ ਕਿ ਯੂਨੀਵਰਸਿਟੀ ਵੱਲੋਂ ਤਸਦੀਕ ਵਿੱਚ ਦੇਰੀ ਕਾਰਨ ਸਕਾਲਰਸ਼ਿਪ ਵੰਡੀ ਨਹੀਂ ਗਈ ਹੈ ਅਤੇ ਸਰਕਾਰ ਜ਼ਿੰਮੇਵਾਰੀ ਤੈਅ ਕਰਨ ਦੀ ਪ੍ਰਕਿਰਿਆ ਵਿੱਚ ਹੈ।



ਰਾਜਾ ਮਹਿੰਦਰ ਪ੍ਰਤਾਪ ਸਿੰਘ ਯੂਨੀਵਰਸਿਟੀ ਇੱਕ ਰਾਜ ਯੂਨੀਵਰਸਿਟੀ ਹੈ ਜਿਸਦਾ ਨੀਂਹ ਪੱਥਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 14 ਸਤੰਬਰ, 2021 ਨੂੰ ਰੱਖਿਆ ਸੀ। ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿੱਚ ਪੜ੍ਹ ਰਹੇ ਦਲਿਤ ਅਤੇ ਆਦਿਵਾਸੀ ਵਰਗ ਦੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਮਿਲਦੀ ਹੈ। ਕੁਝ ਵਿਦਿਆਰਥੀਆਂ ਨੇ ਸ਼ਿਕਾਇਤ ਕੀਤੀ ਹੈ ਕਿ ਯੂਨੀਵਰਸਿਟੀ ਪ੍ਰਸ਼ਾਸਨ ਨੇ ਉਨ੍ਹਾਂ ਦੇ ਸਕਾਲਰਸ਼ਿਪ ਫਾਰਮ ਰੱਦ ਕਰ ਦਿੱਤੇ ਹਨ।

## ਬਾਲ ਵਿਆਹ ਵਿਰੁੱਧ ਪੰਜਾਬ ਸਰਕਾਰ ਦੀ ਨਿਰੰਤਰ ਲੜਾਈ ਦੇ ਠੋਸ ਨਤੀਜੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਜੂਨ
INTERNATIONAL PAPER, 94636 01616
hardipchumber57@gmail.com

ਜਾਣਕਾਰੀ ਸਾਂਝੀ ਕਰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਸਰਕਾਰ ਦੇ ਸਰਗਰਮ ਦਖਲ ਅਤੇ ਜਾਗਰੂਕਤਾ ਮੁਹਿੰਮਾਂ ਨੇ ਇਸ ਦਿਸ਼ਾ ਵਿੱਚ ਮਹੱਤਵਪੂਰਨ ਨਤੀਜੇ ਦਿੱਤੇ ਹਨ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਜਨਵਰੀ 2024 ਤੋਂ ਦਸੰਬਰ 2024 ਤੱਕ, ਵਿਭਾਗ ਵੱਲੋਂ ਸਮੇਂ ਸਿਰ ਕਾਰਵਾਈ ਕਰਕੇ ਕੁੱਲ 42 ਬਾਲ ਵਿਆਹਾਂ ਨੂੰ ਸਫਲਤਾਪੂਰਵਕ ਰੋਕਿਆ ਗਿਆ, ਜਦੋਂ ਕਿ ਜਨਵਰੀ 2025 ਤੋਂ ਮਾਰਚ 2025 ਦੇ ਵਿਚਕਾਰ 16 ਹੋਰ ਮਾਮਲੇ ਰੋਕੇ ਗਏ। ਪਿਛਲੇ 15 ਮਹੀਨਿਆਂ



ਵਿੱਚ ਪੰਜਾਬ ਵਿੱਚ ਕੁੱਲ 58 ਬਾਲ ਵਿਆਹ ਟਾਲੇ ਗਏ ਹਨ।

## ਅੰਤਰਰਾਸ਼ਟਰੀ ਡਰੱਗ ਕਾਰਟਿਲ ਦਾ ਪਰਦਾਫਾਸ਼: ਬਾੜਮੇਰ ਵਿੱਚ ਅੰਤਰਰਾਸ਼ਟਰੀ ਸਰਹੱਦ ਦੇ ਨੇੜਿਓਂ 60.302 ਕਿਲੋ ਹੈਰੋਇਨ ਦੀ ਖੇਪ ਬਰਾਮਦ ਹੋਈ; ਡੀਜੀਪੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਜੂਨ
INTERNATIONAL PAPER, 94636 01616
hardipchumber57@gmail.com

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਵਿੱਢੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੌਰਾਨ ਨਸ਼ਿਆਂ ਦੀ ਤਸਕਰੀ ਖਿਲਾਫ਼ ਵੱਡੀ ਕਾਰਵਾਈ ਤਹਿਤ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਸੀਮਾ ਸੁਰੱਖਿਆ ਬਲ (ਬੀਐਸਐਫ) ਅਤੇ ਰਾਜਸਥਾਨ ਪੁਲਿਸ ਦੇ ਸਹਿਯੋਗ ਨਾਲ ਪਾਕਿਸਤਾਨ-ਅਧਾਰਤ ਤਸਕਰ ਤਨਵੀਰ ਸ਼ਾਹ ਅਤੇ ਕੈਨੇਡਾ-ਅਧਾਰਤ ਹੈਂਡਲਰ ਜੋਬਨ ਕਲੇਰ ਦੁਆਰਾ ਚਲਾਏ ਜਾ ਰਹੇ ਇੱਕ ਵੱਡੇ ਅੰਤਰਰਾਸ਼ਟਰੀ ਡਰੱਗ ਕਾਰਟਿਲ ਦਾ ਪਰਦਾਫਾਸ਼ ਕਰਦਿਆਂ ਰਾਜਸਥਾਨ ਦੇ ਬਾੜਮੇਰ ਵਿੱਚ ਅੰਤਰਰਾਸ਼ਟਰੀ ਸਰਹੱਦ ਦੇ ਨੇੜਿਓਂ 60.302 ਕਿਲੋ ਹੈਰੋਇਨ ਦੀ ਵੱਡੀ ਖੇਪ ਬਰਾਮਦ ਕੀਤੀ ਹੈ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ), ਪੰਜਾਬ ਗੌਰਵ ਯਾਦਵ ਨੇ ਦਿੱਤੀ।

ਇਸ ਕਾਰਵਾਈ ਵਿੱਚ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਜੰਮੂ-ਕਸ਼ਮੀਰ ਤੋਂ ਤਸਕਰਾਂ ਅਤੇ ਹਵਾਲਾ ਆਪਰੇਟਰਾਂ ਸਮੇਤ ਘੱਟੋ-ਘੱਟ ਨੌਂ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਫੜੇ ਗਏ ਵਿਅਕਤੀਆਂ ਦੀ ਪਛਾਣ ਪਿੰਡ ਰਾਮਪੁਰਾ, ਅੰਮ੍ਰਿਤਸਰ ਦੇ ਗਗਨਦੀਪ ਸਿੰਘ ਉਰਫ਼ ਗਗਨ (23), ਪਿੰਡ ਖੁਰਮਣੀਆਂ, ਅੰਮ੍ਰਿਤਸਰ ਦੇ ਜਸ਼ਨਪ੍ਰੀਤ ਸਿੰਘ ਉਰਫ਼ ਜਸ਼ਨ (20), ਅੰਮ੍ਰਿਤਸਰ



ਦੇ ਪਿੰਡ ਬੋਪਾਰਾਏ ਬਾਜ ਦੇ ਗੁਰਸਾਹਿਬ ਸਿੰਘ (25), ਪਿੰਡ ਕਲਿਆਣਾ, ਜੰਮੂ ਤੇ ਕਸ਼ਮੀਰ ਦੇ ਰਾਜੀਵ ਪੰਜਗੋਤਰਾ ਉਰਫ਼ ਰਾਜਵੀਰ (29), ਫਤਿਹਪੁਰ ਬ੍ਰਾਹਮਣਾ, ਜੰਮੂ-ਕਸ਼ਮੀਰ ਦੇ ਸੋਮਨਾਥ (62), ਸਿੰਬਲ ਕੈਂਪ, ਜੰਮੂ-ਕਸ਼ਮੀਰ ਦੇ ਪ੍ਰਸ਼ੋਤਮ ਸਿੰਘ ਉਰਫ਼ ਕਾਲਾ (50), ਅੰਮ੍ਰਿਤਸਰ ਦੇ ਪਿੰਡ ਮੂਲੇਚੱਕ ਦੇ ਕੁਲਵਿੰਦਰ ਸਿੰਘ (24), ਜੰਮੂ-ਕਸ਼ਮੀਰ ਦੇ ਪਿੰਡ ਟਾਂਡਾ ਦੀ ਰਜਿੰਦਰ ਕੌਰ (42) ਵਜੋਂ ਹੋਈ ਹੈ। ਉਕਤ ਮੁਲਜ਼ਮਾਂ ਤੋਂ ਇਲਾਵਾ ਇੱਕ ਹਵਾਲਾ ਆਪਰੇਟਰ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਡਰੱਗ ਕਾਰਟਿਲ ਪਾਕਿਸਤਾਨ-ਅਧਾਰਤ ਤਸਕਰ ਤਨਵੀਰ ਸ਼ਾਹ ਅਤੇ ਕੈਨੇਡਾ-ਅਧਾਰਤ ਤਸਕਰ ਜੋਬਨ ਕਲੇਰ ਦੁਆਰਾ ਲੋਕਲ ਕਿੰਗਪਿੰਨ ਗੁਰਸਾਹਿਬ ਸਿੰਘ ਦੀ ਮਦਦ ਨਾਲ ਚਲਾਇਆ ਜਾ ਰਿਹਾ ਸੀ, ਜੋ ਪਹਿਲਾਂ ਹੀ ਗੋਇੰਦਵਾਲ ਸਾਹਿਬ ਜੇਲ੍ਹ ਵਿੱਚ ਬੰਦ ਹੈ, ਜੋ ਜੇਲ੍ਹ ਦੇ ਅੰਦਰੋਂ ਵੀ ਮੋਬਾਈਲ ਫੋਨ ਦੀ ਵਰਤੋਂ ਨਾਲ ਇਸ ਨੈੱਟਵਰਕ ਨੂੰ ਲਗਾਤਾਰ ਚਲਾ ਰਿਹਾ ਸੀ। ਉਨ੍ਹਾਂ ਕਿਹਾ ਕਿ ਜੇਲ੍ਹ ਅਧਿਕਾਰੀਆਂ ਦੀ ਮਦਦ ਨਾਲ ਉਸਦਾ ਫੋਨ ਬਰਾਮਦ ਕਰ ਲਿਆ ਗਿਆ ਹੈ ਅਤੇ ਕੈਨੇਡਾ-ਪਾਕਿਸਤਾਨ ਸਬੰਧਾਂ ਦੀ ਡੂੰਘਾਈ ਨਾਲ ਜਾਂਚ ਲਈ ਉਸਦਾ ਪ੍ਰੋਡਕਸ਼ਨ ਵਾਰੰਟ ਹਾਸਲ ਕੀਤਾ ਗਿਆ ਹੈ।

ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ।

ਹੋਰ ਵੇਰਵੇ ਦਿੰਦਿਆਂ ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਇਹ ਆਪ੍ਰੇਸ਼ਨ ਪਿਛਲੇ ਮਹੀਨੇ ਗੁਰਸਾਹਿਬ ਸਿੰਘ ਨੂੰ ਛੇਹਰਟਾ ਤੋਂ 1 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਨ ਤੋਂ ਤੁਰੰਤ ਬਾਅਦ ਸ਼ੁਰੂ ਕੀਤਾ ਗਿਆ ਸੀ । ਉਨ੍ਹਾਂ ਦੱਸਿਆ ਕਿ ਜੇਲ੍ਹ ਵਿੱਚ ਹੋਣ ਦੇ ਬਾਵਜੂਦ ਦੋਸ਼ੀ ਗੁਰਸਾਹਿਬ ਆਪਣੇ ਭਤੀਜੇ ਜਸ਼ਨਪ੍ਰੀਤ ਸਿੰਘ ਅਤੇ ਸਾਥੀ ਗਗਨਦੀਪ ਸਿੰਘ, ਜਿਨ੍ਹਾਂ ਨੂੰ 102 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ, ਰਾਹੀਂ ਨੈੱਟਵਰਕ ਨੂੰ ਚਲਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਉਕਤ ਦੋਵੇਂ ਮੁਲਜ਼ਮਾਂ ਤੋਂ ਕੀਤੀ ਗਈ ਪੁੱਛਗਿੱਛ ਦੌਰਾਨ ਬਾੜਮੇਰ ਵਿੱਚ 60 ਕਿਲੋ ਹੈਰੋਇਨ ਦੀ ਵੱਡੀ ਖੇਪ ਦਾ ਪਤਾ ਲੱਗਿਆ।

ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਹਵਾਲਾ-ਆਪਰੇਟਰ ਦੀ ਗ੍ਰਿਫ਼ਤਾਰੀ ਨਾਲ ਡਰੱਗ ਮਨੀ ਦੇ ਲੈਣ-ਦੇਣ ਦੇ ਵਰਤੇ ਜਾ ਰਹੇ ਹਵਾਲਾ ਨੈੱਟਵਰਕ ਦਾ ਵੀ ਪਰਦਾਫਾਸ਼ ਹੋਇਆ ਹੈ।

ਇਹ ਕਾਰਵਾਈ ਡੀਸੀਪੀ (ਡੀ) ਸਿਟੀ ਰਵਿੰਦਰਪਾਲ ਸਿੰਘ, ਏਡੀਸੀਪੀ (ਡੀ) ਜਗਬਿੰਦਰ ਸਿੰਘ, ਏਡੀਸੀਪੀ-2 ਹਰਪਾਲ ਸਿੰਘ, ਏਸੀਪੀ (ਡੀ) ਯਾਦਵਿੰਦਰ ਸਿੰਘ, ਏਸੀਪੀ ਵੈਸਟ ਸ਼ਿਵਦਰਸ਼ਨ ਸਿੰਘ, ਐਸਐਚਓ ਛੇਹਰਟਾ ਵਿਨੋਦ ਸ਼ਰਮਾ, ਸੀਆਈਏ-1 ਇੰਚਾਰਜ ਅਮੋਲਕਦੀਪ ਸਿੰਘ ਅਤੇ ਸੀਆਈਏ-2 ਇੰਚਾਰਜ ਰਵੀ ਕੁਮਾਰ ਦੀ ਨਿਗਰਾਨੀ ਹੇਠ ਕੀਤੀ ਗਈ।

ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਭਾਰਤ-ਪਾਕਿਸਤਾਨ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਕਰਕੇ ਸਥਾਨਕ ਡਿਸਟ੍ਰੀਬਿਊਸ਼ਨ ਚੈਨਲਾਂ ਰਾਹੀਂ ਰਾਜਸਥਾਨ ਦੇ ਰਸਤਿਓਂ ਪੰਜਾਬ ਭੇਜਿਆ ਜਾ ਰਿਹਾ ਸੀ, । ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਤਨਵੀਰ ਸ਼ਾਹ ਨਾਲ ਜੁੜੇ ਪੰਜ ਹੋਰ ਮੁਲਜ਼ਮਾਂ ਦੀ ਵੀ ਪਛਾਣ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਫੜਨ ਲਈ ਛਾਪੇਮਾਰੀ ਜਾਰੀ ਹੈ।

ਇਸ ਸਬੰਧੀ ਅੰਮ੍ਰਿਤਸਰ ਦੇ ਥਾਣਾ ਛੇਹਰਟਾ ਵਿੱਚ ਐਨਡੀਪੀਐਸ ਐਕਟ ਦੀ ਧਾਰਾ 21-ਬੀ, 21-ਸੀ, 27-ਬੀ ਅਤੇ 29 ਦੇ ਤਹਿਤ ਐਫਆਈਆਰ ਨੰਬਰ 118 ਮਿਤੀ 17/06/2025 ਦਰਜ ਕੀਤੀ ਗਈ ਹੈ।

# ਵਿੱਤ ਮੰਤਰੀ ਅਤੇ ਸਿਹਤ ਮੰਤਰੀ ਨਾਲ ਮੀਟਿੰਗ ਉਪਰੰਤ ਰੈਜ਼ੀਡੈਂਟ ਡਾਕਟਰਾਂ ਵੱਲੋਂ ਹੜਤਾਲ ਸਮਾਪਤ

## ਪੰਜਾਬ ਸਰਕਾਰ ਨੇ ਰੈਜ਼ੀਡੈਂਟ ਡਾਕਟਰਾਂ ਦੀਆਂ ਮੰਗਾਂ ਕੀਤੀਆਂ ਪ੍ਰਵਾਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਜੂਨ
INTERNATIONAL PAPER, 9463601616
hardipchumber57@gmail.com



ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਅਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਅਤੇ ਫੋਰਮ ਆਫ਼ ਰੈਜ਼ੀਡੈਂਟ ਡਾਕਟਰਜ਼ ਆਫ਼ ਪੰਜਾਬ ਦੇ ਨੁਮਾਇੰਦਿਆਂ ਅੱਜ ਲਗਭਗ ਦੋ ਘੰਟੇ ਲੰਬੀ ਚੱਲੀ ਮੀਟਿੰਗ ਸਫਲਤਾਪੂਰਵਕ ਸਮਾਪਤ ਹੋਈ।

ਮੀਟਿੰਗ ਜਿਸ ਵਿੱਚ ਵਧੀਕ ਮੁੱਖ ਸਕੱਤਰ ਵਿੱਤ ਅਲੋਕ ਸ਼ੇਖਰ, ਪ੍ਰਮੁੱਖ ਸਕੱਤਰ ਸਿਹਤ ਅਤੇ ਪਰਿਵਾਰ ਭਲਾਈ ਕੁਮਾਰ ਰਾਹੁਲ, ਸਕੱਤਰ ਖਰਚਾ ਵੀ.ਐਨ. ਜ਼ਾਦੇ, ਅਤੇ ਡਾਇਰੈਕਟਰ ਮੈਡੀਕਲ ਸਿੱਖਿਆ ਅਤੇ ਖੋਜ ਡਾ. ਅਵਨੀਸ਼ ਕੁਮਾਰ ਵੀ ਸ਼ਾਮਲ ਸਨ, ਦੌਰਾਨ ਰੈਜ਼ੀਡੈਂਟ ਡਾਕਟਰਾਂ ਦੁਆਰਾ ਉਠਾਈਆਂ ਗਈਆਂ ਮੰਗਾਂ ਨੂੰ ਗੰਭੀਰਤਾ ਨਾਲ ਵਿਚਾਰਿਆ ਗਿਆ।

ਇਸ ਵਿਆਪਕ ਮੀਟਿੰਗ ਦੌਰਾਨ ਦੋਵਾਂ ਮੰਤਰੀਆਂ ਨੇ ਪੰਜਾਬ ਦੇ ਰੈਜ਼ੀਡੈਂਟ ਡਾਕਟਰਾਂ ਦੇ ਫੋਰਮ ਦੁਆਰਾ ਰੱਖੀਆਂ ਗਈਆਂ ਮੰਗਾਂ ਨੂੰ ਪ੍ਰਵਾਨ ਕਰਦਿਆਂ ਆਪਣੀ ਸਹਿਮਤੀ ਦਿੱਤੀ। ਇਸ ਸਕਾਰਾਤਮਕ ਨਤੀਜੇ ਤੋਂ ਬਾਅਦ, ਫੋਰਮ ਦੇ ਨੁਮਾਇੰਦਿਆਂ ਨੇ ਆਪਣੀ ਹੜਤਾਲ ਸਮਾਪਤ ਕਰਨ ਦੇ ਆਪਣੇ ਫੈਸਲੇ ਦਾ ਐਲਾਨ ਕੀਤਾ, ਜਿਸ ਨਾਲ ਰਾਜ ਭਰ ਵਿੱਚ ਸਿਹਤ ਸੰਭਾਲ ਸੇਵਾਵਾਂ ਜਾਰੀ ਰਹਿਣਗੀਆਂ।

ਇਸ ਮੌਕੇ ਮੰਤਰੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਹਮੇਸ਼ਾ ਸਿਹਤ ਸੰਭਾਲ ਨਾਲ ਸਬੰਧਤ ਪੇਸ਼ੇਵਰਾਂ ਅਤੇ ਜਨਤਾ ਦੋਵਾਂ ਦੀ ਭਲਾਈ ਨੂੰ ਤਰਜੀਹ ਦਿੰਦੇ ਹੋਏ ਸਰਕਾਰ ਅਤੇ ਡਾਕਟਰੀ ਭਾਈਚਾਰੇ ਵਿਚਕਾਰ ਇੱਕ ਸਹਿਯੋਗੀ ਮਾਹੌਲ ਨੂੰ ਉਤਸ਼ਾਹਿਤ ਕਰਨ ਲਈ ਕੰਮ ਕੀਤਾ ਹੈ।

ਫੋਰਮ ਆਫ਼ ਰੈਜ਼ੀਡੈਂਟ ਡਾਕਟਰਜ਼ ਆਫ਼ ਪੰਜਾਬ ਦੇ ਪ੍ਰਤੀਨਿਧੀਆਂ ਵਿੱਚ ਡਾ. ਰਮਨਦੀਪ ਸਿੰਘ (ਪ੍ਰਧਾਨ ਆਰ.ਡੀ.ਏ ਪਟਿਆਲਾ), ਡਾ. ਅਕਸ਼ੈ ਸੇਠ (ਮੁੱਖ ਸਰਪ੍ਰਸਤ ਆਰ.ਡੀ.ਏ ਪਟਿਆਲ), ਡਾ. ਗੁਰਭਗਤ ਸਿੰਘ (ਜਨਰਲ ਸਕੱਤਰ), ਡਾ. ਮਿਲਾਨ (ਸਲਾਹਕਾਰ), ਡਾ. ਮਹਿਤਾਬ ਸਿੰਘ ਬੱਲ (ਪ੍ਰੈਸ ਸਕੱਤਰ), ਅਤੇ ਕਾਰਜਕਾਰੀ ਮੈਂਬਰ ਡਾ. ਗੁਰਜੀਤ ਸਿੰਘ ਅਤੇ ਡਾ. ਦਰਸ਼ਦੀਪ ਸਿੰਘ ਸ਼ਾਮਲ ਸਨ।

# ਬਿਆਸ ਦਰਿਆ ਦਾ ਇਹ ਓਵਰਫਲੋਅ, ਲੋਕਾਂ ਨੂੰ ਦਰਿਆ ਦੇ ਕੰਢਿਆਂ 'ਤੇ ਨਾ ਜਾਣ ਅਤੇ ਸੁਰੱਖਿਅਤ ਥਾਵਾਂ 'ਤੇ ਰਹਿਣ ਦੀ ਅਪੀਲ

## ਖਤਰੇ ਦੀ ਘੰਟੀ! ਪੰਡੋਹ ਡੈਮ ਦੇ ਖੋਲ੍ਹੇ ਗਏ ਗੇਟ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਜੂਨ
INTERNATIONAL PAPER, 9463601616
hardipchumber57@gmail.com



ਹਿਮਾਚਲ ਪ੍ਰਦੇਸ਼ ਦੇ ਜ਼ਿਆਦਾਤਰ ਇਲਾਕਿਆਂ ਵਿੱਚ ਭਾਰੀ ਮੀਂਹ ਪੈ ਰਿਹਾ ਹੈ। ਲਗਾਤਾਰ ਮੀਂਹ ਕਾਰਨ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਇਸ ਦੇ ਨਾਲ ਹੀ ਮੀਂਹ ਕਾਰਨ ਸੂਬੇ ਦੇ ਜ਼ਿਆਦਾਤਰ ਦਰਿਆਵਾਂ ਅਤੇ ਨਾਲਿਆਂ ਦਾ ਪਾਣੀ ਦਾ ਪੱਧਰ ਖ਼ਤਰਨਾਕ ਪੱਧਰ 'ਤੇ ਪਹੁੰਚ ਗਿਆ ਹੈ।

ਮੰਡੀ ਜ਼ਿਲ੍ਹੇ ਵਿੱਚ ਸਥਿਤ ਪੰਡੋਹ ਡੈਮ ਪੂਰੀ ਤਰ੍ਹਾਂ ਭਰ ਗਿਆ ਹੈ, ਜਿਸ ਕਾਰਨ ਪਾਣੀ ਦੇ ਪੱਧਰ ਨੂੰ ਕੰਟਰੋਲ ਕਰਨ ਲਈ ਇਸਦੇ ਸਾਰੇ ਪੰਜ ਗੇਟ ਖੋਲ੍ਹ ਦਿੱਤੇ ਗਏ ਹਨ। ਇਸ ਸਮੇਂ ਡੈਮ ਵਿੱਚੋਂ 44 ਹਜ਼ਾਰ ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਇਸ ਪਾਣੀ ਦੇ ਵਹਾਅ ਕਾਰਨ ਬਿਆਸ ਦਰਿਆ ਵਿੱਚ ਪਾਣੀ ਦਾ ਪੱਧਰ ਲਗਾਤਾਰ ਵੱਧ ਰਿਹਾ ਹੈ, ਜਿਸ ਨੂੰ ਦੇਖਦੇ ਹੋਏ ਮੰਡੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਨਿਗਮ ਲਾਊਡਸਪੀਕਰਾਂ ਰਾਹੀਂ ਲੋਕਾਂ ਨੂੰ ਸੁਚੇਤ ਕਰ ਰਹੇ ਹਨ।

ਲੋਕਾਂ ਨੂੰ ਦਰਿਆ ਦੇ ਕੰਢਿਆਂ 'ਤੇ ਨਾ ਜਾਣ ਅਤੇ ਸੁਰੱਖਿਅਤ ਥਾਵਾਂ 'ਤੇ ਰਹਿਣ ਦੀ ਅਪੀਲ ਕੀਤੀ ਗਈ ਹੈ। ਬਿਆਸ ਦਰਿਆ ਦਾ ਇਹ ਓਵਰਫਲੋਅ ਹੋ ਰਿਹਾ ਪਾਣੀ ਹੁਣ ਸੰਧੋਲ, ਸੁਜਾਨਪੁਰ, ਨਾਇਡੂਨ ਅਤੇ ਡੇਹਰਾ ਰਾਹੀਂ ਪੌਂਗ ਡੈਮ ਵੱਲ ਵਧ ਰਿਹਾ ਹੈ, ਜਿੱਥੇ ਇਸ ਦੇ ਪਾਣੀ ਦਾ ਪੱਧਰ ਹੋਰ ਵੱਧ ਸਕਦਾ ਹੈ। ਇਸ ਤੋਂ ਬਾਅਦ ਇਹ ਪਾਣੀ ਪੰਜਾਬ ਦੇ ਤਲਵਾੜਾ ਖੇਤਰ ਵਿੱਚ ਦਾਖਲ ਹੋਵੇਗਾ, ਜਿਸ ਕਾਰਨ ਹੇਠਲੇ ਇਲਾਕਿਆਂ ਵਿੱਚ ਹੜ੍ਹ ਆ ਸਕਦੇ ਹਨ।

ਇਸ ਦੌਰਾਨ ਮੰਡੀ ਦੇ ਜੂਨੀ ਖੱਡ ਨੇ ਵੀ ਭਿਆਨਕ ਰੂਪ ਧਾਰਨ ਕਰ ਲਿਆ ਹੈ। ਇਹ ਖੱਡ ਪੰਡੋਹ ਬੰਨ੍ਹ ਤੋਂ ਲਗਭਗ 10 ਕਿਲੋਮੀਟਰ ਦੂਰ ਬਿਆਸ ਦਰਿਆ ਨਾਲ ਮਿਲਦੀ ਹੈ। ਜੇਕਰ ਇਸੇ ਤਰ੍ਹਾਂ ਮੀਂਹ ਪੈਂਦਾ ਰਿਹਾ ਤਾਂ ਪਾਣੀ ਦਾ ਪੱਧਰ ਹੋਰ ਵੱਧ ਸਕਦਾ ਹੈ, ਜਿਸ ਨਾਲ ਹੇਠਲੇ ਇਲਾਕਿਆਂ ਵਿੱਚ ਹੜ੍ਹ ਵਰਗੀ ਸਥਿਤੀ ਪੈਦਾ ਹੋ ਸਕਦੀ ਹੈ। ਪ੍ਰਸ਼ਾਸਨ ਨੇ ਲੋਕਾਂ ਨੂੰ ਸਾਵਧਾਨ ਰਹਿਣ ਅਤੇ ਮੌਸਮ ਵਿਭਾਗ ਦੀਆਂ ਚੇਤਾਵਨੀਆਂ ਦੀ ਪਾਲਣਾ ਕਰਨ ਲਈ ਕਿਹਾ ਹੈ। ਆਫ਼ਤ ਪ੍ਰਬੰਧਨ ਟੀਮਾਂ ਅਲਰਟ ਮੋਡ 'ਤੇ ਹਨ ਅਤੇ ਕਿਸੇ ਵੀ ਐਮਰਜੈਂਸੀ ਨਾਲ ਨਜਿੱਠਣ ਲਈ ਤਿਆਰ ਹਨ।

# 30000 ਰੁਪਏ ਰਿਸ਼ਵਤ ਲੈਂਦਾ ਹੌਲਦਾਰ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਜੂਨ
INTERNATIONAL PAPER, 9463601616
hardipchumber57@gmail.com



ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਆਪਣੀ ਮੁਹਿੰਮ ਨੂੰ ਜਾਰੀ ਰੱਖਦਿਆਂ Punjab Vigilance Bureau ਨੇ ਅੱਜ ਜ਼ਿਲ੍ਹਾ ਪਟਿਆਲਾ ਦੀ ਪੁਲਿਸ ਚੌਕੀ ਪਾਤੜਾਂ ਵਿਖੇ ਤਾਇਨਾਤ ਹੌਲਦਾਰ ਮਨਦੀਪ ਸਿੰਘ ਨੂੰ 30,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ।

ਇਸ ਬਾਰੇ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਇਸ ਮੁਲਜ਼ਮ ਪੁਲਿਸ ਕਰਮਚਾਰੀ ਨੂੰ ਜ਼ਿਲ੍ਹਾ ਸੰਗਰੂਰ ਦੀ ਤਹਿਸੀਲ ਮੂਨਕ ਦੇ ਪਿੰਡ ਝਲੂਰ ਦੇ ਰਹਿਣ ਵਾਲੇ ਇੱਕ ਵਿਅਕਤੀ ਵੱਲੋਂ ਦਰਜ ਕਰਵਾਈ ਸ਼ਿਕਾਇਤ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਪੁਲਿਸ ਕਰਮਚਾਰੀ ਨੇ ਉਸ ਤੋਂ 30,000 ਰੁਪਏ ਦੀ ਰਿਸ਼ਵਤ ਮੰਗੀ ਹੈ ਅਤੇ ਰਿਸ਼ਵਤ ਨਾ ਦੇਣ ਦੀ ਸੂਰਤ ਵਿੱਚ ਉਸ 'ਤੇ ਅਸਲਾ ਕਾਨੂੰਨ ਤਹਿਤ ਝੂਠੀ ਐਫਆਈਆਰ ਦਰਜ ਕਰਨ ਦੀ ਧਮਕੀ ਦਿੱਤੀ ਹੈ।

ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਪੜਤਾਲ ਤੋਂ ਬਾਅਦ ਪਟਿਆਲਾ ਰੇਂਜ ਦੀ ਵਿਜੀਲੈਂਸ ਬਿਊਰੋ ਟੀਮ ਨੇ ਜਾਲ ਵਿਛਾਇਆ ਅਤੇ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਹੌਲਦਾਰ ਮਨਦੀਪ ਸਿੰਘ ਨੂੰ 30000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਅਤੇ ਮੌਕੇ 'ਤੇ ਹੀ ਉਸ ਤੋਂ ਰਿਸ਼ਵਤਖੋਰੀ ਦੀ ਰਕਮ ਵੀ ਬਰਾਮਦ ਕਰ ਲਈ ਗਈ।

ਇਸ ਸਬੰਧੀ ਮੁਲਜ਼ਮ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਮੁਲਜ਼ਮ ਪੁਲਿਸ ਕਰਮਚਾਰੀ ਨੂੰ ਕੱਲ੍ਹ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

# ਪਟਿਆਲਾ ਪੁਲਿਸ ਨੇ ਲਾਈਵ ਮੁਕਾਬਲੇ ਦੌਰਾਨ ਗੈਂਗਸਟਰ ਗੁਰਪ੍ਰੀਤ ਸਿੰਘ ਉਰਫ ਬੱਬੂ ਨੂੰ ਗ੍ਰਿਫ਼ਤਾਰ ਕੀਤਾ : SSP ਵਰੁਣ ਸ਼ਰਮਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਜੂਨ
INTERNATIONAL PAPER, 9463601616
hardipchumber57@gmail.com



ਪਟਿਆਲਾ 30 ਜੂਨ 2025 : ਪਟਿਆਲਾ ਪੁਲਿਸ ਨੇ ਅੱਜ ਸ਼ਾਮ ਇੱਕ ਲਾਈਵ ਮੁਕਾਬਲੇ ਦੌਰਾਨ ਗੈਂਗਸਟਰ ਗੁਰਪ੍ਰੀਤ ਸਿੰਘ ਉਰਫ ਬੱਬੂ ਪੁੱਤਰ ਗੁਰਚਰਨ ਸਿੰਘ ਨਿਵਾਸੀ ਪਿੰਡ ਨਨਹੇੜਾ, ਥਾਣਾ ਘੱਗਾ ਨੂੰ ਗ੍ਰਿਫ਼ਤਾਰ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ , ਇਸ ਕੋਲੋਂ 6 ਪਿਸਤੌਲ, 36 ਜ਼ਿੰਦਾ ਕਾਰਤੂਸ ਤੇ ਚੋਰੀ ਦਾ ਸਕੂਟਰ ਵੀ ਬਰਾਮਦ ਹੋਇਆ ਹੈ , ਐਸਐਸਪੀ ਪਟਿਆਲਾ ਵਰੁਣ ਸ਼ਰਮਾ ਸਰਹਿੰਦ ਰੋਡ 'ਤੇ ਘਟਨਾ ਸਥਾਨ 'ਤੇ ਪਹੁੰਚੇ ਅਤੇ ਮੀਡੀਆ ਨੂੰ ਪੁਲਿਸ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਹਿਲਾਂ ਉਸ ਵਿਰੁੱਧ ਹਥਿਆਰਾਂ ਦੀ ਵਰਤੋਂ ਕਰਕੇ ਡਕੈਤੀ ਅਤੇ ਚੋਰੀ ਦੀਆਂ 5 ਐਫਆਈਆਰ ਦਰਜ ਸਨ , ਹਾਲ ਹੀ ਦੇ ਸਮੇਂ ਦੌਰਾਨ, ਉਸਨੇ ਬੈਂਕ ਦੇ ਸੁਰੱਖਿਆ ਗਾਰਡ ਤੋਂ ਹਥਿਆਰ ਖੋਹ ਕੇ ਬੈਂਕ ਡਕੈਤੀ ਕੀਤੀ ਹੈ

ਐਸਐਸਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਅੱਜ ਇੰਚਾਰਜ ਸੀਆਈਏ ਸਟਾਫ ਪ੍ਰਦੀਪ ਬਾਜਵਾ ਨੂੰ ਸਰਹਿੰਦ ਰੋਡ ਪਟਿਆਲਾ 'ਤੇ ਉਸਦੀ ਗਤੀਵਿਧੀ ਬਾਰੇ ਗੁਪਤ ਸੂਚਨਾ ਮਿਲੀ ਸੀ ਜਦੋਂ ਉਕਤ ਦੋਸ਼ੀ ਆਪਣੇ ਅਮਰੀਕਾ ਅਧਾਰਤ ਹੈਂਡਲਰ ਕਰਨ ਯੂਐਸਏ ਤੋਂ ਪਾਰਸਲ ਦੇ ਰੂਪ ਵਿੱਚ .30 ਬੋਰ ਅਮਰੀਕੀ ਪਿਸਤੌਲ ਪ੍ਰਾਪਤ ਕਰਕੇ ਵਾਪਸ ਆ ਰਿਹਾ ਸੀ ਤਾਂ ਇਸ ਨੂੰ ਸਰਹਿੰਦ ਰੋਡ 'ਤੇ ਇੱਕ ਜਗ੍ਹਾ ਪੁਲਿਸ ਨੇ ਲਲਕਾਰਿਆ , ਇਸ ਦੌਰਾਨ ਉਸ ਨੇ ਆਪਣੀ ਗੈਰ-ਕਾਨੂੰਨੀ ਪਿਸਤੌਲ ਨਾਲ ਪੁਲਿਸ ਪਾਰਟੀ 'ਤੇ 3 ਰਾਊਂਡ ਗੋਲੀਬਾਰੀ ਕੀਤੀ ਅਤੇ ਇੱਕ ਰਾਊਂਡ ਸੀਆਈਏ ਟੀਮ ਦੁਆਰਾ ਵਰਤੀ ਜਾ ਰਹੀ ਗੱਡੀ 'ਤੇ ਜਾ ਵੱਜਿਆ ਪਰ ਲਾਈਵ ਮੁਕਾਬਲੇ ਦੌਰਾਨ ਪੁਲਿਸ ਪਾਰਟੀ ਨੇ ਜਵਾਬੀ ਕਾਰਵਾਈ ਦੌਰਾਨ ਬਹੁਤ ਸੰਜਮ ਦਿਖਾਉਂਦੇ ਹੋਏ ਕੁਝ ਗੋਲੀਆਂ ਚਲਾਈਆਂ ਅਤੇ ਉਸਦੀ ਇੱਕ ਗੋਲੀ ਉਸਦੀ ਲੱਤ ਵਿੱਚ ਲੱਗ ਗਈ , ਇਸ ਮੌਕੇ ਉਸ ਨੂੰ ਤੁਰੰਤ ਕਾਬੂ ਕਰ ਲਿਆ ਗਿਆ , ਐਸਐਸਪੀ ਨੇ ਕਿਹਾ ਕਿ ਉਸਨੂੰ ਡਾਕਟਰੀ ਇਲਾਜ ਲਈ ਹਸਪਤਾਲ ਭੇਜਿਆ ਗਿਆ ਹੈ

ਐਸਐਸਪੀ ਨੇ ਅੱਗੇ ਕਿਹਾ ਕਿ ਇਸ ਹਥਿਆਰ ਦੀ ਵਰਤੋਂ ਕਰਕੇ ਉਹ ਕੋਈ ਵੱਡਾ ਅਪਰਾਧ ਜਾਂ ਟਾਰਗੇਟ ਕਿਲਿੰਗ ਕਰ ਸਕਦਾ ਹੈ, ਇਸ ਬਾਰੇ ਪੁਲਿਸ ਨੂੰ ਪੁਖਤਾ ਜਾਣਕਾਰੀ ਸੀ। ਦੇਸ਼ੀ ਤੋਂ ਹਥਿਆਰਾਂ ਦੀ ਬਰਾਮਦਗੀ ਬਾਰੇ ਜਾਣਕਾਰੀ ਦਿੰਦੇ ਹੋਏ, ਐਸਐਸਪੀ ਨੇ ਕਿਹਾ ਕਿ ਪਿਸਤੌਲ ਗ੍ਰੇਟਾ .30 ਬੋਰ, ਮੇਡ ਇਨ ਯੂਐਸਏ, ਕੰਟਰੀ ਮੇਡ .32 ਬੋਰ ਪਿਸਤੌਲ, ਕੰਟਰੀ ਮੇਡ .32 ਬੋਰ ਰਿਵਾਲਵਰ, ਕੰਟਰੀ ਮੇਡ (ਦੇਸੀ ਕੱਟਾ)315 ਬੋਰ, ਕੰਟਰੀ ਮੇਡ (ਦੇਸੀ ਕੱਟਾ), 315 ਬੋਰ, ਕੰਟਰੀ ਮੇਡ (ਦੇਸੀ ਕੱਟਾ), 22 ਬੋਰ ਸਮੇਤ 36 ਜ਼ਿੰਦਾ ਕਾਰਤੂਸ ਅਤੇ ਉਸ ਵਲੋਂ ਪਟਿਆਲਾ ਦੇ ਤ੍ਰਿਪੜੀ ਖੇਤਰ ਤੋਂ ਚੋਰੀ ਕੀਤਾ ਇੱਕ ਸਕੂਟਰ ਚੋਰੀ ਵੀ ਬਰਾਮਦ ਕੀਤਾ ਗਿਆ ਹੈ। ਐਸਐਸਪੀ ਦੇ ਨਾਲ ਐਸਪੀ ਇਨਵੈਸਟੀਗੇਸ਼ਨ ਗੁਰਬੰਸ ਸਿੰਘ ਬੈਂਸ ਅਤੇ ਹੋਰ ਪੁਲਿਸ ਅਧਿਕਾਰੀ ਵੀ ਮੌਜੂਦ ਸਨ

# ਖੜ੍ਹੀਆਂ-ਖੜ੍ਹੀਆਂ ਕਰੀਬ 25 ਲੱਖ ਰੁਪਏ ਦਾ ਤੇਲ ਪੀ ਗਈਆਂ ਸਰਕਾਰੀ ਗੱਡੀਆਂ, SMO ਸਮੇਤ ਤਿੰਨ ਸਸਪੈਂਡ

ਸਿਹਤ ਵਿਭਾਗ ਪੰਜਾਬ ਨੇ ਸਿਵਲ ਹਸਪਤਾਲ ਬਠਿੰਡਾ ਦੀਆਂ ਸਰਕਾਰੀ ਗੱਡੀਆਂ ਅਤੇ ਐਂਬੂਲੈਂਸਾਂ ਵਿੱਚ ਡੀਜ਼ਲ-ਪੈਟਰੋਲ ਦੇ ਜਾਅਲੀ ਬਿੱਲਾਂ ਦੇ ਨਾਮ 'ਤੇ ਹੋਏ ਲੱਖਾਂ ਰੁਪਏ ਦੇ ਘੁਟਾਲੇ ਨੂੰ ਲੈ ਕੇ ਕਾਰਵਾਈ ਕਰਦੇ ਆਂ ਬਠਿੰਡਾ ਵਿੱਚ ਤਾਇਨਾਤ ਐਸਐਮਓ ਡਾ. ਗੁਰਮੇਲ ਸਿੰਘ ਤੋਂ ਇਲਾਵਾ, ਪੰਜਾਬ ਦੇ ਸਿਹਤ ਵਿਭਾਗ ਨੇ ਸੀਨੀਅਰ ਸਹਾਇਕ ਸ਼ੀਨਮ ਅਤੇ ਕੰਪਿਊਟਰ ਆਪਰੇਟਰ ਜਗਜੀਤ ਸਿੰਘ ਨੂੰ ਮੁਅੱਤਲ ਕਰ ਦਿੱਤਾ ਹੈ। ਮੁਅੱਤਲੀ ਦੌਰਾਨ, ਇਨ੍ਹਾਂ ਕਰਮਚਾਰੀਆਂ-ਅਧਿਕਾਰੀਆਂ ਦੇ ਸਟੇਸ਼ਨ ਹੈੱਡਕੁਆਰਟਰ ਨੂੰ ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਪੰਜਾਬ ਚੰਡੀਗੜ੍ਹ ਵਜੋਂ ਨਿਰਧਾਰਤ ਕੀਤਾ ਗਿਆ ਹੈ।

ਤੁਹਾਨੂੰ ਦੱਸ ਦੇਈਏ ਕਿ ਸਿਹਤ ਵਿਭਾਗ ਨੇ ਇਹ ਕਾਰਵਾਈ ਸਰਕਾਰੀ ਵਾਹਨਾਂ ਅਤੇ ਐਂਬੂਲੈਂਸਾਂ ਵਿੱਚ ਡੀਜ਼ਲ-ਪੈਟਰੋਲ ਦੇ ਬਿੱਲਾਂ ਦੇ ਨਾਮ 'ਤੇ 25-30 ਲੱਖ ਰੁਪਏ ਦੇ ਘੁਟਾਲੇ ਵਿੱਚ ਐਸਐਮਓ ਡਾ. ਗੁਰਮੇਲ ਸਿੰਘ, ਸੀਨੀਅਰ ਸਹਾਇਕ ਸ਼ੀਨਮ ਅਤੇ ਕੰਪਿਊਟਰ ਆਪਰੇਟਰ ਜਗਜੀਤ ਸਿੰਘ ਦੇ ਨਾਮ ਆਉਣ ਤੋਂ ਬਾਅਦ ਕੀਤੀ ਹੈ। ਇਨ੍ਹਾਂ ਤਿੰਨਾਂ ਨੂੰ ਵਿਭਾਗ ਨੇ 28 ਜੂਨ ਨੂੰ ਹੀ ਮੁਅੱਤਲ ਕਰ ਦਿੱਤਾ ਸੀ।

ਸੋਮਵਾਰ ਨੂੰ ਬਠਿੰਡਾ ਪਹੁੰਚੇ ਸਿਹਤ ਡਾਇਰੈਕਟਰ ਅਨਿਲ ਗੋਇਲ ਨੇ ਮੀਡੀਆ ਦੇ ਸਾਹਮਣੇ ਉਨ੍ਹਾਂ ਦੀ ਮੁਅੱਤਲੀ ਦੀ ਪੁਸ਼ਟੀ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਡੀਜ਼ਲ-ਪੈਟਰੋਲ ਘੁਟਾਲੇ ਵਿੱਚ ਉਨ੍ਹਾਂ ਦਾ ਨਾਮ ਆਉਣ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ। ਦੂਜੇ ਪਾਸੇ, ਐਸਐਮਓ ਡਾ. ਗੁਰਮੇਲ ਸਿੰਘ ਨੇ ਇਸ ਮਾਮਲੇ ਵਿੱਚ ਆਪਣਾ ਪੱਖ ਪੇਸ਼ ਕਰਦੇ ਹੋਏ ਕਿਹਾ ਕਿ ਇਹ ਸਭ ਮੈਨੂੰ ਫਸਾਉਣ ਦੀ ਸਾਜ਼ਿਸ਼ ਦੇ ਹਿੱਸੇ ਵਜੋਂ ਕੀਤਾ ਜਾ ਰਿਹਾ ਹੈ। ਇਸ ਵਿੱਚ ਮੇਰੀ ਕੋਈ ਭੂਮਿਕਾ ਨਹੀਂ ਹੈ।

ਜਾਣਕਾਰੀ ਅਨੁਸਾਰ ਪਿੰਡ ਘੁੱਦਾ ਦੇ ਵਸਨੀਕ ਹਰਤੇਜ ਸਿੰਘ ਭੁੱਲਰ, ਜੋ ਆਮ ਆਦਮੀ ਪਾਰਟੀ ਦੇ ਆਗੂ ਹਨ, ਨੇ 2 ਅਪ੍ਰੈਲ ਨੂੰ ਪੰਜਾਬ ਦੇ ਸਿਹਤ ਮੰਤਰੀ ਨੂੰ ਸ਼ਿਕਾਇਤ ਭੇਜੀ ਸੀ ਅਤੇ ਮੰਗ ਕੀਤੀ ਸੀ ਕਿ ਸਿਵਲ ਹਸਪਤਾਲ ਬਠਿੰਡਾ ਵਿੱਚ ਤਾਇਨਾਤ ਐਸਐਮਓ ਡਾ. ਗੁਰਮੇਲ ਸਿੰਘ ਨੇ ਸਰਕਾਰੀ ਐਂਬੂਲੈਂਸਾਂ/ਵਾਹਨਾਂ ਵਿੱਚ ਡੀਜ਼ਲ-ਪੈਟਰੋਲ ਭਰਨ ਦੇ ਜਾਅਲੀ ਬਿੱਲਾਂ ਦੇ ਨਾਮ 'ਤੇ ਲੱਖਾਂ ਦਾ ਘਪਲਾ ਕੀਤਾ ਹੈ। ਇਸ ਮਾਮਲੇ ਵਿੱਚ ਸਿਹਤ ਵਿਭਾਗ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਤੋਂ ਬਾਅਦ, ਹਰਤੇਜ ਸਿੰਘ ਭੁੱਲਰ ਨੇ ਪੂਰੇ ਰਿਕਾਰਡ ਅਤੇ ਸਬੂਤਾਂ ਦੇ ਆਧਾਰ 'ਤੇ 1 ਮਈ, 2025 ਨੂੰ ਵਿਜੀਲੈਂਸ ਬਿਊਰੋ ਨੂੰ ਸ਼ਿਕਾਇਤ ਦਿੱਤੀ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਜੂਨ
INTERNATIONAL PAPER, 9463601616
hardipchumber57@gmail.com

ਬਾਬਾ ਸਾਹਿਬ ਕਹਿੰਦੇ ਹਨ

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

**(ਕਲ੍ਹ ਦੇ ਲੇਖ ਦਾ ਬਾਕੀ ਭਾਗ)**

ਇਸ ਭਾਸ਼ਣ ਦੇ ਜਵਾਬ ਵਿੱਚ ਡਾ. ਅੰਬੇਡਕਰ ਨੇ ਕਿਹਾ ਕਿ ਉਨ੍ਹਾਂ ਨੂੰ ਜੋ ਵੀ ਥੋੜ੍ਹੀ ਜਿਹੀ ਸਫਲਤਾ ਮਿਲੀ ਹੈ ਉਹ ਬਹੁਤ ਸਾਰੇ ਲੋਕਾਂ ਅਤੇ ਸਹਿਯੋਗੀਆਂ ਦੇ ਸਹਿਯੋਗ ਕਾਰਨ ਹੈ। ਉਨ੍ਹਾਂ ਨੇ ਡਾ. ਸੋਲੰਕੀ ਦੀ ਵਿਧਾਨ ਪ੍ਰੀਸ਼ਦ ਵਿੱਚ ਉਨ੍ਹਾਂ ਦੀ ਮਦਦ ਅਤੇ ਚੰਗੇ ਕੰਮ ਲਈ ਪ੍ਰਸ਼ੰਸਾ ਕੀਤੀ ਅਤੇ ਦੇਵਰਾਓ ਨਾਇਕ ਨੂੰ ਆਪਣਾ ਸੱਜਾ ਹੱਥ ਕਿਹਾ ਅਤੇ ਵਿਸ਼ਵਾਸ ਪ੍ਰਗਟ ਕੀਤਾ ਕਿ



ਉਨ੍ਹਾਂ ਦੀ ਗੈਰਹਾਜ਼ਰੀ ਵਿੱਚ ਦੇਵਰਾਓ ਨਾਇਕ ਉਸ ਅੰਦੋਲਨ ਨੂੰ ਸਹੀ ਦਿਸ਼ਾ ਦੇਣਗੇ ਜਿਸਦੀ ਉਨ੍ਹਾਂ ਨੇ ਅਗਵਾਈ ਕੀਤੀ ਸੀ। ਉਨ੍ਹਾਂ ਨੇ ਸ੍ਰੀ ਸ਼ੰਕਰ ਰਾਓ ਐਸ. ਪਾਰਸ਼ਾ ਦਾ ਅੰਦੋਲਨ 'ਤੇ ਵੱਡੀ ਰਕਮ ਖਰਚ ਕਰਨ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਡਾ. ਅੰਬੇਡਕਰ ਨੇ ਕਿਹਾ ਕਿ ਗੋਲਮੇਜ਼ ਕਾਨਫਰੰਸ ਨਿਸ਼ਚਤ ਤੌਰ 'ਤੇ ਦਲਿਤਾਂ ਦੇ ਹਿੱਤ ਵਿੱਚ ਸੀ। ਉਨ੍ਹਾਂ ਅੱਗੇ ਕਿਹਾ ਕਿ ਜਿੱਥੋਂ ਤੱਕ ਮੇਰਾ ਸਬੰਧ ਹੈ, ਮੈਂ ਆਪਣੇ ਲੋਕਾਂ ਲਈ ਜਾਇਜ਼ ਮੰਗਾਂ ਰੱਖਾਂਗਾ ਅਤੇ ਸਵਰਾਜ ਦੀ ਮੰਗ ਦਾ ਸਮਰਥਨ ਕਰਾਂਗਾ। ਅੰਤ ਵਿੱਚ ਉਨ੍ਹਾਂ ਭਰੋਸਾ ਦਿੱਤਾ ਕਿ ਜੇ ਸੰਭਵ ਹੋਇਆ ਤਾਂ ਉਹ ਦਲਿਤਾਂ ਦੀਆਂ ਸਮੱਸਿਆਵਾਂ ਨੂੰ ਰਾਸ਼ਟਰ ਦੀ ਮਹਾਂਪੰਚਾਇਤ ਦੇ ਸਾਹਮਣੇ ਰੱਖਣਗੇ। ਉਸਨੇ ਆਪਣੇ ਸਾਥੀਆਂ ਅਤੇ ਲੋਕਾਂ ਨੂੰ ਆਪਸੀ ਟਕਰਾਅ ਤੋਂ ਬਚਣ ਦੀ ਚੇਤਾਵਨੀ ਦਿੱਤੀ ਨਹੀਂ ਤਾਂ ਲੀਡਰਸ਼ਿਪ ਦਾ ਲਾਲਚ ਉਨ੍ਹਾਂ ਦੀ ਸ਼ਕਤੀ ਨੂੰ ਘਟਾ ਦੇਵੇਗਾ, ਉਨ੍ਹਾਂ ਦੀ ਸਥਿਤੀ ਨੂੰ ਵਿਗੜ ਦੇਵੇਗਾ ਅਤੇ ਉਨ੍ਹਾਂ ਦੇ ਉਦੇਸ਼ ਨੂੰ ਨੁਕਸਾਨ ਪਹੁੰਚਾਏਗਾ।"

### ਤੁਹਾਨੂੰ ਸੰਘਰਸ਼ ਰਾਹੀਂ ਸ਼ਕਤੀ ਅਤੇ ਸਤਿਕਾਰ ਮਿਲੇਗਾ

ਡਾ. ਬੀ.ਆਰ. ਅੰਬੇਡਕਰ ਨੇ ਅਛੂਤਾਂ ਦੇ ਪ੍ਰਤੀਨਿਧੀ ਵਜੋਂ ਗੋਲਮੇਜ਼ ਕਾਨਫਰੰਸ ਦੇ ਦੂਜੇ ਸੈਸ਼ਨ ਵਿੱਚ ਸ਼ਾਮਲ ਹੋਣਾ ਸੀ। ਉਹ 15 ਅਗਸਤ 1931 ਨੂੰ ਭਾਰਤ ਤੋਂ ਲੰਡਨ ਲਈ ਰਵਾਨਾ ਹੋਣ ਵਾਲੇ ਸਨ। ਉਨ੍ਹਾਂ ਦੀ ਵਿਦਾਇਗੀ ਨੂੰ ਯਾਦ ਕਰਨ ਲਈ, 14 ਅਗਸਤ 1931 ਨੂੰ ਸਰ ਕਾਵਾਸਜੀ ਜਹਾਂਗੀਰ ਹਾਲ ਵਿਖੇ ਇੱਕ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ ਗਿਆ ਸੀ। ਇਸ ਸਮਾਰੋਹ ਦੀ ਪ੍ਰਧਾਨਗੀ ਡਾ. ਪੀ.ਜੀ. ਸੋਲੰਕੀ ਨੇ ਕੀਤੀ। ਡਾ. ਅੰਬੇਡਕਰ ਨੇ ਦੋ ਵੱਖ-ਵੱਖ ਸਮਾਗਮਾਂ ਨੂੰ ਸੰਬੋਧਨ ਕੀਤਾ, ਇੱਕ ਔਰਤਾਂ ਲਈ ਰਾਤ 8 ਵਜੇ ਅਤੇ ਦੂਜਾ ਮਰਦਾਂ ਲਈ ਰਾਤ 10 ਵਜੇ।'

ਡਾ. ਅੰਬੇਡਕਰ ਨੇ ਦਲਿਤ ਵਰਗ ਦੀਆਂ ਔਰਤਾਂ ਨੂੰ ਇੱਕ ਭੜਕਾਊ ਭਾਸ਼ਣ ਦੇ ਕੇ ਸੰਬੋਧਨ ਕੀਤਾ। ਉਨ੍ਹਾਂ ਅਪੀਲ ਕੀਤੀ, "ਜੇ ਤੁਸੀਂ ਆਪਣੀ ਗੁਲਾਮੀ ਨੂੰ ਖਤਮ ਕਰਨ ਲਈ ਮੁਸੀਬਤਾਂ ਅਤੇ ਮੁਸ਼ਕਲਾਂ ਦਾ ਸਾਹਮਣਾ ਕਰਨ ਲਈ ਤਿਆਰ ਹੋ ਅਤੇ ਜੇਕਰ ਮੈਂ ਇਸ ਔਖੇ ਕੰਮ ਨੂੰ ਕਰਨ ਵਿੱਚ ਸਫਲ ਹੋ ਜਾਂਦਾ ਹਾਂ, ਤਾਂ ਇਸਦਾ ਸਿਹਰਾ ਤੁਹਾਨੂੰ ਲੋਕਾਂ ਨੂੰ ਜਾਵੇਗਾ।"

ਇਸ ਤੋਂ ਤੁਰੰਤ ਬਾਅਦ, ਉਸੇ ਸਥਾਨ 'ਤੇ, ਉਨ੍ਹਾਂ ਨੇ ਦਲਿਤ ਵਰਗ ਦੇ ਮਰਦਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਬਹੁਤ ਭਾਵੁਕਤਾ ਨਾਲ ਕਿਹਾ ਕਿ ਉਹ ਉਨ੍ਹਾਂ ਲੋਕਾਂ ਦੇ ਅਥਾਹ ਪਿਆਰ ਤੋਂ ਬਹੁਤ ਉਤਸ਼ਾਹਿਤ ਹਨ। ਜਿੱਥੋਂ ਤੱਕ ਗੋਲਮੇਜ਼ ਕਾਨਫਰੰਸ ਦਾ ਸਵਾਲ ਹੈ, ਉਨ੍ਹਾਂ ਨੇ ਕਿਹਾ, "125 ਮੈਂਬਰਾਂ ਦੀ ਮੀਟਿੰਗ ਵਿੱਚ, ਅਸੀਂ ਤੁਹਾਡੇ ਪ੍ਰਤੀਨਿਧੀ ਸਿਰਫ਼ ਦੋ ਲੋਕ ਹੋਵਾਂਗੇ ਪਰ ਤੁਸੀਂ ਭਰੋਸਾ ਰੱਖ ਸਕਦੇ ਹੋ ਕਿ ਅਸੀਂ ਤੁਹਾਡੇ ਕਲਿਆਣ ਲਈ ਸਵਰਗ ਅਤੇ ਧਰਤੀ ਨੂੰ ਹਿਲਾ ਦੇਵਾਂਗੇ। ਮੇਰੀ ਅੱਜ ਦੁਪਹਿਰ ਗਾਂਧੀ ਨਾਲ ਗੱਲਬਾਤ ਹੋਈ। ਇਸ ਵੇਲੇ ਉਹ ਤੁਹਾਡੇ ਹਿੱਤ ਵਿੱਚ ਕੁਝ ਨਹੀਂ ਕਰ ਸਕਦੇ। ਸਾਨੂੰ ਸਵੈ-ਨਿਰਭਰ ਬਣਨਾ ਪਵੇਗਾ ਅਤੇ ਆਪਣੀ ਯੋਗਤਾ ਨਾਲ ਆਪਣੇ ਅਧਿਕਾਰਾਂ ਲਈ ਲੜਨਾ ਪਵੇਗਾ। ਇਸ ਲਈ ਆਪਣਾ ਅੰਦੋਲਨ ਜਾਰੀ ਰੱਖੋ ਅਤੇ ਆਪਣੀਆਂ ਸ਼ਕਤੀਆਂ ਨੂੰ ਸੰਗਠਿਤ ਕਰੋ। ਤੁਹਾਨੂੰ ਸੰਘਰਸ਼ ਰਾਹੀਂ ਸ਼ਕਤੀ ਅਤੇ ਸਤਿਕਾਰ ਮਿਲੇਗਾ।"

### ਹਿੰਦੂਆਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਮੇਰੀਆਂ ਸੇਵਾਵਾਂ ਦੀ ਕਦਰ ਕਰਨਗੀਆਂ।

ਗੋਲਮੇਜ਼ ਕਾਨਫਰੰਸ ਵਿੱਚ ਸ਼ਾਮਲ ਹੋਣ ਤੋਂ ਬਾਅਦ ਡਾ. ਬੀ. ਆਰ. ਅੰਬੇਡਕਰ ਦੇ ਆਉਣ ਦੀ ਪੂਰਵ ਸੰਧਿਆ 'ਤੇ, ਸਰਕਾਰ ਨੇ ਬੈਲਾਰਡ ਪੀਅਰ ਬੰਬਈ ਵਿਖੇ ਪ੍ਰਬੰਧਾਂ ਬਾਰੇ ਹੇਠ ਲਿਖੇ ਆਦੇਸ਼ ਦਿੱਤੇ ਸਨ: 29 ਜਨਵਰੀ 1932 ਨੂੰ 'ਐਸ. ਐਸ. ਮੁਲਤਾਨ' ਜਹਾਜ਼ ਰਾਹੀਂ ਮੌਲਾਨਾ ਸ਼ੌਕਤ ਅਲੀ ਅਤੇ ਡਾ. ਅੰਬੇਡਕਰ ਦਾ ਆਗਮਨ –

ਸੁਪਰਡੈਂਟ, "ਐਚ ਐਂਡ ਆਈ" ਵਿਭਾਗ

"ਸੈਕਟਰੀ ਬੰਬੇ ਪੋਰਟ ਟਰੱਸਟ ਵੱਲੋਂ ਸੈਕਟਰੀ, ਦਲਿਤ ਕਲਾਸ ਇੰਸਟੀਚਿਊਟ, ਬੰਬੇ ਨੂੰ ਇੱਕ ਪੱਤਰ ਦੀ ਪ੍ਰਾਪਤੀ ਤੁਹਾਡੀ ਜਾਣਕਾਰੀ ਲਈ ਭੇਜੀ ਜਾ ਰਹੀ ਹੈ। ਇਹ ਤੁਹਾਨੂੰ ਡਾ. ਬੀ. ਆਰ. ਅੰਬੇਡਕਰ ਅਤੇ ਮੌਲਾਨਾ ਸ਼ੌਕਤ ਅਲੀ ਦੇ ਬੈਲਾਰਡ ਪਿੱਲਰ ਦੇ ਦੌਰੇ ਦੇ ਮੌਕੇ 'ਤੇ ਦਲਿਤਾਂ ਅਤੇ ਖਿਲਾਫ਼ਤ ਕਮੇਟੀ ਨੂੰ ਦਿੱਤੀ ਗਈ ਛੋਟ ਬਾਰੇ ਸੂਚਿਤ ਕਰੇਗਾ।

2. ਤੁਸੀਂ ਇਸ ਮਹੀਨੇ ਦੀ 27 ਤਰੀਕ ਨੂੰ ਬੰਦਰਗਾਹ ਪ੍ਰਬੰਧਕ, ਬਾਰਾ ਦੇ ਨੋਟ ਨੂੰ ਧਿਆਨ ਵਿੱਚ ਰੱਖ ਸਕਦੇ ਹੋ, ਜਿਸਦੀ ਇੱਕ ਕਾਪੀ ਤੁਹਾਨੂੰ ਭੇਜੀ ਗਈ ਹੈ, ਅਤੇ ਉਸ ਅਨੁਸਾਰ

"ਇਕੁਐਲਿਟੀ ਐਂਡ ਜਸਟਿਸ" "Equality and Justice" ਸਵਤੰਤਰਤਾ, ਸਮਾਨਤਾ, ਭਾਈਚਾਰਾ

ਆਪਣੇ ਪ੍ਰਬੰਧ ਕਰ ਸਕਦੇ ਹੋ। ਪ੍ਰਬੰਧ ਸਕੱਤਰ, ਦਲਿਤ ਕਲਾਸਾਂ ਅਤੇ ਸਕੱਤਰ ਖਿਲਾਫ਼ਤ ਕਮੇਟੀ ਨਾਲ ਹੋਈ ਸਮਝ ਅਨੁਸਾਰ ਕੀਤੇ ਜਾਣੇ ਚਾਹੀਦੇ ਹਨ, ਜਿਵੇਂ ਕਿ ਸ੍ਰੀ ਗਾਂਧੀ ਲਈ ਕੀਤਾ ਗਿਆ ਸੀ। ਦਲਿਤ ਵਲੰਟੀਅਰਾਂ ਨੂੰ ਹਾਲ ਦੇ ਪ੍ਰਵੇਸ਼ ਦੁਆਰ ਤੋਂ ਹਰੇ ਗੇਟ ਤੱਕ ਸੜਕ 'ਤੇ ਇੱਕ ਲਾਈਨ ਵਿੱਚ ਖੜ੍ਹੇ ਹੋਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਸੁਪਰਡੈਂਟ, ਲੋੜ ਅਨੁਸਾਰ, ਵਲੰਟੀਅਰਾਂ ਨੂੰ ਨਿਰਧਾਰਤ ਥਾਵਾਂ 'ਤੇ ਤਾਇਨਾਤ ਕਰ ਸਕਦਾ ਹੈ ਤਾਂ ਜੋ ਆਮ ਆਵਾਜਾਈ ਵਿੱਚ ਵਿਘਨ ਨਾ ਪਵੇ। ਕਿਸੇ ਨੂੰ ਵੀ ਘਾਟ 'ਤੇ ਜਾਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ ਜਦੋਂ ਤੱਕ ਕਿਸ਼ਤੀ ਨੂੰ ਰੱਸੀ ਨਾਲ ਨਹੀਂ ਬੰਨ੍ਹਿਆ ਜਾਂਦਾ। ਪਾਸ ਧਾਰਕਾਂ ਤੋਂ ਇਲਾਵਾ ਕਿਸੇ ਨੂੰ ਵੀ, ਕਸਟਮ ਨਹੀਂ ਦੇਣਾ ਪਵੇਗਾ। ਜਹਾਜ਼ 'ਤੇ ਜਾਣ ਦੀ ਡਿਊਟੀ। ਉਨ੍ਹਾਂ ਨੂੰ ਹਾਲ ਵਿੱਚ ਦਾਖਲ ਨਾ ਹੋਣ ਦਿਓ।

3. ਉਸੇ ਕਿਸ਼ਤੀ ਰਾਹੀਂ ਆਉਣ ਵਾਲੀਆਂ ਹੋਰ ਗੋਲਮੇਜ਼ ਕਾਨਫਰੰਸ ਕਮੇਟੀਆਂ ਦੇ ਮੈਂਬਰਾਂ ਵਿਰੁੱਧ ਕਾਂਗਰਸ ਦੇ ਪ੍ਰਦਰਸ਼ਨ ਦੀ ਸੰਭਾਵਨਾ ਹੈ। ਸੁਪਰਡੈਂਟ 'ਏ' ਵਿਭਾਗ ਨੂੰ ਵਿਵਸਥਾ ਬਣਾਈ ਰੱਖਣ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ। ਕਿਸੇ ਵੀ ਹਾਲਤ ਵਿੱਚ ਕਿਸੇ ਵੀ ਪ੍ਰਦਰਸ਼ਨਕਾਰੀ ਪ੍ਰਦਰਸ਼ਨਕਾਰੀ ਨੂੰ ਬੈਲਾਰਡ ਪਿੱਲਰ ਦੀ ਸੀਮਾ ਦੇ ਨੇੜੇ ਆਉਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ।

4. ਮਾਲ ਖੇਤਰ ਵਿੱਚ ਆਵਾਜਾਈ ਦਾ ਪ੍ਰਬੰਧਨ ਕਰਨ ਲਈ ਟੀ ਵਿਭਾਗ ਤੋਂ ਤਿੰਨ ਅਧਿਕਾਰੀ ਲਏ ਜਾਣਗੇ। ਮੋਟਰ ਕਾਰਾਂ ਪਹਿਲਾਂ ਵਾਂਗ ਪਾਰਕ ਕੀਤੀਆਂ ਜਾਣਗੀਆਂ।

5. ਰੈੱਡ ਗੇਟ ਰਾਹੀਂ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਪ੍ਰਦਰਸ਼ਨਕਾਰੀ ਪ੍ਰਦਰਸ਼ਨਕਾਰੀਆਂ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਮੌਕੇ 'ਤੇ ਲੋੜੀਂਦੀ ਸੁਰੱਖਿਆ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।

**(ਲੇਖ ਦਾ ਬਾਕੀ ਭਾਗ ਕਲ੍ਹ)**

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਜੂਨ
INTERNATIONAL PAPER, 9463601616
hardipchumber57@gmail.com

ਬਾਬਾ ਸਾਹਿਬ ਡਾ. ਅੰਬੇਡਕਰ

# ਉਹ ਸਮਾਜ ਜਿਹੜਾ ਹਿੰਦੂਆਂ ਬਣਾਇਆ

ਲੜੀ ਵਾਰ ਭਾਗ ਪਹਿਲਾ

ਕੀ ਹਿੰਦੂ ਸਮਾਜਿਕ ਸੰਗਠਨ ਵਿੱਚ ਕੁਝ ਵਿਲੱਖਣ ਹੈ? ਇੱਕ ਆਮ ਹਿੰਦੂ ਜੋ ਖੋਜਕਰਤਾਵਾਂ ਦੀ ਖੋਜ ਤੋਂ ਜਾਣੂ ਨਹੀਂ ਹੈ, ਉਹ ਕਹੇਗਾ ਕਿ ਉਸਦੇ ਸਮਾਜਿਕ ਸੰਗਠਨ ਵਿੱਚ ਕੁਝ ਵੀ ਅਜਿਹਾ ਨਹੀਂ ਹੈ ਜਿਸਨੂੰ ਵਿਲੱਖਣ, ਅਸਾਧਾਰਨ ਜਾਂ ਗੈਰ-ਕੁਦਰਤੀ ਕਿਹਾ ਜਾ ਸਕੇ। ਇਹ ਕੁਦਰਤੀ ਵੀ ਹੈ। ਜੋ ਲੋਕ ਇਕੱਲਤਾ ਵਿੱਚ ਆਪਣੀ ਜ਼ਿੰਦਗੀ ਜੀਉਂਦੇ ਹਨ, ਉਹ ਆਪਣੇ ਤਰੀਕਿਆਂ ਦੀ ਵਿਲੱਖਣਤਾ ਤੋਂ ਜਾਣੂ ਨਹੀਂ ਹਨ। ਲੋਕ ਪੀੜ੍ਹੀ ਦਰ ਪੀੜ੍ਹੀ ਆ ਰਹੇ ਹਨ। ਪਰ ਹਿੰਦੂ ਜੋ ਹਿੰਦੂ ਨਹੀਂ ਹਨ, ਜੋ ਬਾਹਰੀ ਹਨ, ਹਿੰਦੂ ਸਮਾਜਿਕ ਸੰਗਠਨ ਬਾਰੇ ਕਿਵੇਂ ਮਹਿਸੂਸ ਕਰਦੇ ਹਨ? ਕੀ ਉਨ੍ਹਾਂ ਨੂੰ ਇਹ ਕੁਦਰਤੀ ਅਤੇ ਸਵੈ-ਇੱਛਾ ਨਾਲ ਲੱਗਿਆ?

305 ਈਸਾ ਪੂਰਵ ਦੇ ਆਸਪਾਸ, ਯੂਨਾਨੀ ਰਾਜਾ ਸੈਲਿਊਕਸ ਨਿਕੇਟਰ ਦਾ ਰਾਜਦੂਤ ਮੇਗਾਸਥੀਨੀਸ ਚੰਦਰਗੁਪਤ ਮੌਰੀਆ ਦੇ ਸ਼ਾਹੀ ਦਰਬਾਰ ਵਿੱਚ ਭਾਰਤ ਆਇਆ। ਉਸਨੂੰ ਹਿੰਦੂ ਸਮਾਜਿਕ ਸੰਗਠਨ ਬਹੁਤ ਵਿਲੱਖਣ ਲੱਗਿਆ। ਨਹੀਂ ਤਾਂ ਉਹ ਹਿੰਦੂ ਸਮਾਜਿਕ ਸੰਗਠਨ ਦੀਆਂ ਵਿਲੱਖਣ ਚੀਜ਼ਾਂ ਦਾ ਜ਼ਿਕਰ ਇੰਨੇ ਡੂੰਘੇ ਧਿਆਨ ਨਾਲ ਨਾ ਕਰਦਾ। ਉਸਨੇ ਲਿਖਿਆ ਹੈ:

ਭਾਰਤ ਦੇ ਲੋਕ ਸੱਤ ਵਰਗਾਂ ਵਿੱਚ ਵੰਡੇ ਹੋਏ ਹਨ। ਕ੍ਰਮ ਦੇ ਮਾਮਲੇ ਵਿੱਚ, ਪੁਜਾਰੀ ਪਹਿਲਾਂ ਆਉਂਦੇ ਹਨ, ਪਰ ਗਿਣਤੀ ਦੇ ਮਾਮਲੇ ਵਿੱਚ, ਉਹ ਸਭ ਤੋਂ ਛੋਟੇ ਹਨ। ਲੋਕ ਯੱਗ ਜਾਂ ਹੋਰ ਧਾਰਮਿਕ ਸਮਾਰੋਹਾਂ ਦੇ ਮੌਕੇ 'ਤੇ ਉਨ੍ਹਾਂ ਦੀਆਂ ਸੇਵਾਵਾਂ ਦਾ ਲਾਭ ਉਠਾਉਂਦੇ ਹਨ। ਰਾਜਾ ਉਨ੍ਹਾਂ ਨੂੰ ਜਨਤਕ ਤੌਰ 'ਤੇ ਇੱਕ ਵੱਡੇ ਧਾਰਮਿਕ ਇਕੱਠ ਲਈ ਸੱਦਾ ਦਿੰਦਾ ਹੈ। ਸਾਲ ਦੇ ਸ਼ੁਰੂ ਵਿੱਚ, ਸਾਰੇ ਪੁਜਾਰੀ ਮਹਿਲ ਦੇ ਦਰਵਾਜ਼ੇ 'ਤੇ ਇਕੱਠੇ ਹੁੰਦੇ ਹਨ। ਇਸ ਮੌਕੇ 'ਤੇ, ਇੱਕ-ਇੱਕ ਕਰਕੇ, ਪੁਜਾਰੀ ਜਨਤਕ ਤੌਰ 'ਤੇ ਐਲਾਨ ਕਰਦੇ ਹਨ ਕਿ ਉਨ੍ਹਾਂ ਨੇ ਇੱਕ ਖਾਸ ਕਿਤਾਬ ਲਿਖੀ ਹੈ, ਜਾਂ ਉਨ੍ਹਾਂ ਨੇ ਫਸਲ ਅਤੇ ਪਸ਼ੂ ਪਾਲਣ ਲਈ ਇੱਕ ਖਾਸ ਚੀਜ਼ ਦੀ ਕਾਢ ਕੱਢੀ ਹੈ, ਜਾਂ ਉਨ੍ਹਾਂ ਨੇ ਲੋਕ ਭਲਾਈ ਲਈ ਇੱਕ ਤਰੀਕਾ ਖੋਜਿਆ ਹੈ। ਜੇਕਰ ਇਹ ਤਿੰਨ ਵਾਰ ਪਤਾ ਲੱਗਦਾ ਹੈ ਕਿ ਕਿਸੇ ਨੇ ਗਲਤ ਜਾਣਕਾਰੀ ਦਿੱਤੀ ਹੈ, ਤਾਂ ਕਾਨੂੰਨ ਇਹ ਨਿਰਧਾਰਤ ਕਰਦਾ ਹੈ ਕਿ ਉਸਨੂੰ ਉਸਦੀ ਬਾਕੀ ਦੀ ਜ਼ਿੰਦਗੀ ਲਈ ਚੁੱਪ ਰਹਿਣ ਲਈ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਪਰ ਜੋ ਭੌਤਿਕ ਸਲਾਹ ਦਿੰਦਾ ਹੈ ਉਸਨੂੰ ਟੈਕਸ ਆਦਿ ਦੇਣ ਤੋਂ ਛੋਟ ਦਿੱਤੀ ਜਾਂਦੀ ਹੈ।

ਦੂਜਾ ਵਰਗ ਕਿਸਾਨਾਂ ਦਾ ਹੈ। ਉਹ ਬਹੁਗਿਣਤੀ ਵਿੱਚ ਹਨ। ਉਹ ਬਹੁਤ ਨਿਮਰ ਹਨ। ਉਨ੍ਹਾਂ ਨੂੰ ਫੌਜ ਵਿੱਚ ਸ਼ਾਮਲ ਹੋਣ ਤੋਂ ਛੋਟ ਹੈ। ਉਹ ਨਿਡਰਤਾ ਨਾਲ ਖੇਤੀ ਕਰਦੇ ਹਨ। ਉਹ ਨਾ ਤਾਂ ਸ਼ਹਿਰ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਜਾਂਦੇ ਹਨ, ਨਾ ਹੀ ਉਹ ਸ਼ਹਿਰ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਜਾਂਦੇ ਹਨ। ਕਈ ਵਾਰ ਉਹ ਉੱਥੇ ਕਿਸੇ ਹੋਰ ਉਦੇਸ਼ ਲਈ ਜਾਂਦੇ ਹਨ। ਇਸ ਤਰ੍ਹਾਂ



ਅਕਸਰ ਅਜਿਹਾ ਹੁੰਦਾ ਹੈ ਕਿ ਦੇਸ਼ ਦੇ ਇੱਕ ਹਿੱਸੇ ਵਿੱਚ ਇੱਕੋ ਸਮੇਂ ਲੋਕ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਜੰਗ ਦੇ ਮੈਦਾਨ ਵਿੱਚ ਲੜ ਰਹੇ ਹੁੰਦੇ ਹਨ, ਜਦੋਂ ਕਿ ਉਨ੍ਹਾਂ ਦੇ ਬਹੁਤ ਨੇੜੇ ਹੋਰ ਲੋਕ ਇਨ੍ਹਾਂ ਸੈਨਿਕਾਂ ਦੀ ਸੁਰੱਖਿਆ ਹੇਠ ਨਿਡਰਤਾ ਨਾਲ ਹਲ ਚਲਾ ਰਹੇ ਹੁੰਦੇ ਹਨ। ਸਾਰੀ ਜ਼ਮੀਨ ਰਾਜੇ ਦੀ ਜਾਇਦਾਦ ਹੈ। ਕਿਸਾਨ ਇਸ ਸ਼ਰਤ 'ਤੇ ਇਸ ਨੂੰ ਵਾਹੁੰਦਾ ਹੈ ਕਿ ਉਸਨੂੰ ਉਪਜ ਦਾ ਚੌਥਾਈ ਹਿੱਸਾ ਮਿਲੇਗਾ।

ਤੀਜਾ ਵਰਗ ਪਸ਼ੂ ਪਾਲਕਾਂ ਅਤੇ ਸ਼ਿਕਾਰੀਆਂ ਦਾ ਹੈ। ਸਿਰਫ਼ ਉਨ੍ਹਾਂ ਨੂੰ ਸ਼ਿਕਾਰ ਕਰਨ, ਜਾਨਵਰ ਪਾਲਣ ਅਤੇ ਭਾਰ ਢੋਣ ਲਈ ਵਰਤੇ ਜਾਣ ਵਾਲੇ ਜਾਨਵਰਾਂ ਨੂੰ ਵੇਚਣ ਜਾਂ ਠੇਕੇ 'ਤੇ ਦੇਣ ਦੀ ਇਜਾਜ਼ਤ ਹੈ। ਫਸਲਾਂ ਨੂੰ ਤਬਾਹ ਕਰਨ ਵਾਲੇ ਜਾਨਵਰਾਂ ਅਤੇ ਪੰਛੀਆਂ ਤੋਂ ਫਸਲਾਂ ਦੀ ਰੱਖਿਆ ਕਰਨ ਦੇ ਬਦਲੇ, ਰਾਜਾ ਉਨ੍ਹਾਂ ਨੂੰ ਅਨਾਜ ਦਿੰਦਾ ਹੈ। ਉਹ ਖਾਨਾਬਦੋਸ਼ ਹਨ ਅਤੇ ਤੰਬੂਆਂ ਵਿੱਚ ਰਹਿੰਦੇ ਹਨ।

ਪਸ਼ੂ ਪਾਲਕਾਂ ਅਤੇ ਸ਼ਿਕਾਰੀਆਂ ਤੋਂ ਬਾਅਦ ਚੌਥਾ ਵਰਗ ਉਨ੍ਹਾਂ ਦਾ ਹੈ ਜੋ ਕਾਰੋਬਾਰ ਕਰਦੇ ਹਨ, ਭਾਂਡੇ ਆਦਿ ਵੇਚਦੇ ਹਨ ਅਤੇ ਸਰੀਰਕ ਕਿਰਤ ਕਰਦੇ ਹਨ। ਉਨ੍ਹਾਂ ਵਿੱਚੋਂ ਕੁਝ ਟੈਕਸ ਦਿੰਦੇ ਹਨ ਅਤੇ ਕੁਝ ਰਾਜ ਦੁਆਰਾ ਨਿਰਧਾਰਤ ਸੇਵਾਵਾਂ ਨਿਭਾਉਂਦੇ ਹਨ। ਪਰ ਹਥਿਆਰ ਅਤੇ ਜਹਾਜ਼ ਬਣਾਉਣ ਵਾਲੇ ਲੋਕ ਆਪਣੀ ਤਨਖਾਹ ਅਤੇ ਪ੍ਰਬੰਧ ਉਸ ਰਾਜੇ ਤੋਂ ਪ੍ਰਾਪਤ ਕਰਦੇ ਹਨ ਜਿਸਦੇ ਅਧੀਨ ਉਹ ਕੰਮ ਕਰਦੇ ਹਨ। ਜਰਨੈਲ ਸੈਨਿਕਾਂ ਨੂੰ ਹਥਿਆਰ ਸਪਲਾਈ ਕਰਦੇ ਹਨ। ਜਹਾਜ਼ ਦੇ ਮਾਲਕ ਯਾਤਰੀਆਂ ਅਤੇ ਸਾਮਾਨ ਨੂੰ ਢੋਣ ਲਈ ਜਹਾਜ਼ ਕਿਰਾਏ 'ਤੇ ਲੈਂਦੇ ਹਨ।

ਪੰਜਵਾਂ ਵਰਗ ਉਨ੍ਹਾਂ ਦਾ ਹੈ ਜੋ ਲੜਦੇ ਹਨ। ਜਦੋਂ ਉਹ ਜੰਗ ਦੇ ਮੈਦਾਨ ਵਿੱਚ ਨਹੀਂ ਹੁੰਦੇ, ਤਾਂ ਉਹ ਕੋਈ ਕੰਮ ਨਹੀਂ ਕਰਦੇ ਅਤੇ ਆਪਣੀ ਜ਼ਿੰਦਗੀ ਖੁਸ਼ੀ ਨਾਲ ਬਿਤਾਉਂਦੇ ਹਨ। ਰਾਜਾ ਉਨ੍ਹਾਂ ਦੇ ਖਰਚੇ ਚੁੱਕਦਾ ਹੈ। ਇਸ ਲਈ, ਜਦੋਂ ਵੀ ਮੌਕਾ ਮਿਲਦਾ ਹੈ, ਉਹ ਤੁਰੰਤ ਯੁੱਧ ਲਈ ਕੂਚ ਕਰਦੇ ਹਨ, ਕਿਉਂਕਿ ਉਨ੍ਹਾਂ ਕੋਲ ਆਪਣੇ ਸਰੀਰਾਂ ਤੋਂ ਇਲਾਵਾ ਕੋਈ ਜਾਇਦਾਦ ਨਹੀਂ ਹੈ।

ਛੇਵਾਂ ਵਰਗ ਨਰੀਖਿਅਕਾ ਦਾ ਹੁੰਦਾ ਹੈ। ਉਨ੍ਹਾਂ ਦਾ ਕੰਮ ਜਾਸੂਸੀ ਕਰਨਾ ਅਤੇ ਸਾਰੀਆਂ ਖ਼ਬਰਾਂ ਗੁਪਤ ਰੂਪ ਵਿੱਚ ਰਾਜੇ ਨੂੰ ਦੱਸਣਾ ਹੁੰਦਾ ਹੈ। ਕੁਝ ਨੂੰ ਸ਼ਹਿਰ ਬਾਰੇ ਜਾਣਕਾਰੀ ਦੇਣ ਦਾ ਕੰਮ ਸੌਂਪਿਆ ਜਾਂਦਾ ਹੈ ਅਤੇ ਕੁਝ ਨੂੰ ਫੌਜ ਬਾਰੇ। ਸ਼ਹਿਰ ਦੇ ਇੰਸਪੈਕਟਰ ਅਤੇ ਫੌਜ ਦੇ ਇੰਸਪੈਕਟਰ ਆਪਣੇ ਕੰਮ ਵਿੱਚ ਕ੍ਰਮਵਾਰ ਸ਼ਹਿਰ ਵਾਸੀਆਂ ਅਤੇ ਫੌਜ ਦੇ ਸਿਪਾਹੀਆਂ ਦਾ ਮਨੋਰੰਜਨ ਕਰਨ ਵਾਲੀਆਂ ਵੇਸਵਾਵਾਂ ਤੋਂ ਮਦਦ ਲੈਂਦੇ ਹਨ। ਇਨ੍ਹਾਂ ਅਹੁਦਿਆਂ 'ਤੇ ਸਭ ਤੋਂ ਯੋਗ ਅਤੇ ਸਭ ਤੋਂ ਭਰੋਸੇਮੰਦ ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾਂਦਾ ਹੈ।

**(ਲੇਖ ਦਾ ਬਾਕੀ ਭਾਗ ਕਲ੍ਹ)**

# ਜਾਤੀਵਾਦ ਕਾਰਨ ਡਾ. ਅੰਬੇਡਕਰ ਦੇ ਵੀ ਬਚਪਨ ਵਿੱਚ ਨਾਈ ਨੇ ਵਾਲ ਨਹੀ ਕੱਟੇ ਸਨ, 27 ਜੂਨ 2025 ਵਿੱਚ ਵੀ ਨਾਈ ਜਾਤੀ ਪੁੱਛ ਕੇ ਵਾਲ ਕਟਣ ਤੋਂ ਇਨਕਾਰ ਕਰ ਦਿੰਦਾ ਹੈ, ਇਹ ਸਕੂਲਾਂ 'ਚ ਸੰਵਿਧਾਨ ਨਾ ਪੜ੍ਹਾਉਣ ਦਾ ਨਤੀਜਾ ਹੈ

## ਭਾਰਤ ਹਰ ਨਾਗਰਿਕ ਦੇ ਹਰ ਘਰ ਅਤੇ ਹਰ ਮਨ ਵਿੱਚ ਸੰਵਿਧਾਨ ਅਤੇ ਉਸ ਦੀ ਭਾਵਨਾ ਪਹੁੰਚੀ ਹੀ ਨਹੀਂ, ਸੱਤਾਧਾਰੀ ਲੋਕ ਇਸ ਨੂੰ ਪੂਰਨ ਤੌਰ ਤੇ ਲਾਗੂ ਹੋਣ ਤੋਂ ਪਹਿਲਾਂ ਹੀ ਹੋਰ ਕਮਜੋਰ ਕਰਨ ਲਈ ਹਮਲੇ ਕਰ ਰਹੇ ਹਨ, ਕਿਉਂਕਿ ਉਹ ਸਮਾਨਤਾਵਾਦੀ ਵਿਵਸਥਾ ਚਾਹੁੰਦੇ ਹੀ ਨਹੀਂ, ਅੰਕੜੇ ਦੇਖੋ! ਹਰ ਸਾਲ ਭਾਰਤੀ ਨਾਗਰਿਕਾਂ ਵਿੱਚ ਅਮੀਰਾਂ/ਗਰੀਬਾਂ ਦੇ ਵਿਚਲੇ ਅਸਮਾਨਤਾ ਦੇ ਪਾੜ੍ਹੇ ਵਿੱਚ ਵਾਧਾ ਹੋ ਰਿਹਾ ਹੈ

ਜਾਤੀ ਪੁੱਛ ਕੇ ਨਾਈ ਦਾ ਵਾਲ ਕੱਟਣ ਤੋਂ ਮਨਾ ਕਰ ਦੇਣਾ ਇਹ ਕੇਵਲ ਨਾਈ ਦਾ ਕਸੂਰ ਨਹੀਂ ਹੈ ਨਾਂ ਉਸ ਮਨੁੱਖ ਦਾ ਜਿਸ ਦੀ ਭੀਲ ਜਾਤੀ ਨੂੰ ਸੱਤਾ ਬਦਲਣ ਦੇ 78 ਸਾਲ ਬਾਅਦ ਵੀ ਸਮਾਜ ਵਿੱਚ ਦੂਜਾ ਨਾਗਰਿਕ ਨੀਂਵਾਂ ਸਮਝਦਾ ਹੈ। ਇਸ ਲਈ ਭਾਰਤ ਦੀਆਂ 78 ਸਾਲ ਦੀਆਂ ਸਰਕਾਰਾਂ ਜਿੰਮੇਵਾਰ ਹਨ ਜਿਹੜੀਆਂ ਸੰਵਿਧਾਨ ਅਤੇ ਉਸ ਦੀ ਭਾਵਨਾ ਨੂੰ ਹਰ ਭਾਰਤੀ ਨਾਗਰਿਕ ਮਨ ਵਿੱਚ ਭਰ ਸਕੀਆਂ ਜਾ ਨਹੀਂ ਚਾਹੁੰਦੀਆਂ। ਸਰਕਾਰਾਂ ਸਮਾਨਤਾਵਾਦ ਨਹੀਂ ਚਾਹੁੰਦੀਆਂ? ਇਸੇ ਲਈ ਸੰਵਿਧਾਨ ਸਕੂਲਾਂ ਵਿੱਚ ਪੜ੍ਹਾਉਣ ਤਾਂ ਦੂਰ ਦੀ ਗੱਲ, ਦਿਖਾਇਆ ਵੀ ਨਹੀਂ ਜਾਂਦਾ! ਸੰਵਿਧਾਨ ਅਨੁਸਾਰ ਭਾਰਤ ਵਿੱਚ ਹਰ ਵਰਗ ਦੀ ਹਰ ਸਰਕਾਰੀ, ਗੈਰ ਸਰਕਾਰੀ ਅਦਾਰਿਆਂ ਵਿੱਚ ਹਿੱਸੇਦਾਰੀ (Representation) ਦੇ ਸਿਧਾਂਤ ਨੂੰ ਲਾਗੂ ਕਰਨ ਲਈ ਬਣਾਈ ਰਾਖਵੇਂਕਰਨ ਦੀ ਨੀਤੀ ਨੂੰ ਇਮਾਨਦਾਰੀ ਨਾ ਲਾਗੂ ਕਰਕੇ ਪਹਿਲੇ 10 ਸਾਲਾਂ ਵਿੱਚ ਸਮਾਨਤਾ ਲਿਆ ਕੇ ਨੀਤੀ ਬੰਦ ਕਰ ਦੇਣੀ ਚਾਹੀਦੀ ਸੀ। ਸਰਕਾਰਾਂ 2025 ਤੱਕ ਵੀ ਹਿੱਸੇਦਾਰੀ (Representation) ਦੇ ਸਿਧਾਂਤ ਨੂੰ ਲਾਗੂ ਨਹੀਂ ਕਰ ਸਕੀਆਂ, ਜੋ ਉਹਨਾ ਨੇ ਕੁੱਝ ਕੀਤਾ ਹੈ ਉਹ ਹੈ "ਭਾਰਤੀ ਨਾਗਰਿਕਾਂ ਵਿੱਚ ਅਮੀਰਾਂ/ਗਰੀਬਾਂ ਦੇ ਵਿਚਲੇ ਅਸਮਾਨਤਾ ਦੇ ਪਾੜ੍ਹੇ ਵਿੱਚ ਵਾਧਾ", ਗਰੀਬਾਂ ਦੇ ਹੱਥੋਂ ਧਨ ਨਿਕਲ ਕੇ ਅਮੀਰਾਂ ਦੇ ਹੱਥਾਂ ਵਿੱਚ ਜਾ ਰਿਹਾ ਹੈ, ਲੋਕ ਜਾਤੀਵਾਦ, ਧਰਮ ਅਤੇ ਹੋਰ ਮਾਮਲਿਆਂ ਵਿੱਚ ਉਲਝਾ ਕੇ ਰੱਖੇ ਜਾ ਰਹੇ ਹਨ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਜੂਨ
INTERNATIONAL PAPER, 94636 01616
hardipchumber57@gmail.com

ਜਲੋਰ- ਰਾਜਸਥਾਨ ਦੇ ਜਲੋਰ ਜ਼ਿਲ੍ਹੇ ਦੇ ਕਾਰਦਾ ਥਾਣਾ ਖੇਤਰ ਵਿੱਚ ਜਾਤੀ ਭੇਦਭਾਵ ਅਤੇ ਹਿੰਸਾ ਦਾ ਇੱਕ ਦੁਖਦਾਈ ਮਾਮਲਾ ਸਾਹਮਣੇ ਆਇਆ ਹੈ। ਭੀਲ ਭਾਈਚਾਰੇ ਦੇ ਕਈ ਨੌਜਵਾਨਾਂ ਨੇ ਦੋਸ਼ ਲਗਾਇਆ ਹੈ ਕਿ ਸੇਵਾਦਾ ਸਟੇਸ਼ਨ 'ਤੇ ਸਥਿਤ ਇੱਕ ਹੇਅਰ ਸੈਲੂਨ ਦੇ ਦੁਕਾਨਦਾਰ ਨੇ ਉਨ੍ਹਾਂ ਨੂੰ ਜਾਤੀ ਦੇ ਆਧਾਰ 'ਤੇ ਬੇਇੱਜ਼ਤ ਕੀਤਾ ਅਤੇ ਕੁੱਟਮਾਰ ਕੀਤੀ। ਪੀੜਤਾਂ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ।

ਪੀੜਤ ਦਿਨੇਸ਼ ਕੁਮਾਰ (ਨਿਵਾਸੀ ਦੁਥਿਆ) ਨੇ ਦੱਸਿਆ ਕਿ 27 ਜੂਨ ਨੂੰ ਉਹ ਆਪਣੇ ਭਰਾ ਦਸ਼ਰਥ ਕੁਮਾਰ ਅਤੇ ਰਿਸ਼ਤੇਦਾਰਾਂ ਨਾਲ ਸੁਧਾਮਾਤਾ ਜੀ ਦੇ ਦਰਸ਼ਨ ਕਰਨ ਗਿਆ ਸੀ। ਸ਼ਾਮ 4:30 ਵਜੇ ਦੇ ਕਰੀਬ, ਉਹ ਵਾਲ ਕਟਵਾਉਣ ਲਈ ਸੇਵਾਦਾ ਸਟੇਸ਼ਨ 'ਤੇ ਇੱਕ ਹੇਅਰ ਸੈਲੂਨ ਪਹੁੰਚੇ। ਦੁਕਾਨਦਾਰ ਨੇ ਪਹਿਲਾਂ ਉਨ੍ਹਾਂ ਨੂੰ ਅੱਧਾ ਘੰਟਾ ਇੰਤਜ਼ਾਰ ਕਰਵਾਇਆ, ਫਿਰ ਉਨ੍ਹਾਂ ਦੀ ਜਾਤ ਪੁੱਛੀ। ਜਦੋਂ ਪੀੜਤਾਂ ਨੇ ਦੱਸਿਆ ਕਿ ਉਹ ਭੀਲ ਭਾਈਚਾਰੇ ਤੋਂ ਹਨ, ਤਾਂ ਦੁਕਾਨਦਾਰ ਨੇ ਉਨ੍ਹਾਂ ਨੂੰ "ਨੀਵੀਂ ਜਾਤੀ ਦੇ ਕੀੜੇ" ਕਹਿ ਕੇ ਗਾਲ੍ਹਾਂ ਕੱਢੀਆਂ ਅਤੇ ਉਨ੍ਹਾਂ ਦੇ ਵਾਲ ਕੱਟਣ ਤੋਂ ਇਨਕਾਰ ਕਰ ਦਿੱਤਾ। ਦਿਨੇਸ਼ ਨੇ ਕਿਹਾ, "ਦੁਕਾਨਦਾਰ ਨੇ ਸਾਨੂੰ ਕਿਹਾ, ਤੁਹਾਡੀ ਹਿੰਮਤ ਕਿਵੇਂ ਹੋਈ, ਤੁਸੀਂ ਨੀਵੀਂ ਜਾਤ ਦੇ ਹੋ ਕੇ, ਮੇਰੀ ਦੁਕਾਨ 'ਤੇ ਆਪਣੇ ਵਾਲ



ਅਤੇ ਦਾੜ੍ਹੀ ਕੱਟਦੇ ਹੋ? ਮੈਂ ਨੀਵੀਂ ਜਾਤ ਦੇ ਲੋਕਾਂ ਦੇ ਵਾਲ ਨਹੀਂ ਕੱਟਦਾ। ਫਿਰ ਅਸੀਂ ਕਿਹਾ, ਕੀ ਅਸੀਂ ਇਨਸਾਨ ਨਹੀਂ ਹਾਂ? ਜੇ ਤੁਸੀਂ ਸਾਡੇ ਵਾਲ ਨਹੀਂ ਕੱਟਣਾ ਚਾਹੁੰਦੇ ਸੀ, ਤਾਂ ਤੁਹਾਨੂੰ ਸਾਨੂੰ ਪਹਿਲਾਂ ਹੀ ਇਨਕਾਰ ਕਰ ਦੇਣਾ ਚਾਹੀਦਾ ਸੀ। ਤੁਸੀਂ ਸਾਨੂੰ ਅੱਧਾ ਘੰਟਾ ਕਿਉਂ ਬਿਠਾਇਆ? ਫਿਰ ਦੋਸ਼ੀ ਦੁਕਾਨਦਾਰ ਗੁੱਸੇ ਵਿੱਚ ਆ ਗਿਆ ਅਤੇ ਸਾਡੇ ਨਾਲ ਬਦਸਲੂਕੀ ਕੀਤੀ ਅਤੇ ਜਾਤੀਵਾਦੀ ਸ਼ਬਦਾਂ ਦੀ ਵਰਤੋਂ ਕੀਤੀ ਅਤੇ ਸਾਨੂੰ ਦੁਕਾਨ ਤੋਂ ਬਾਹਰ ਧੱਕ ਦਿੱਤਾ।"

ਦੋਸ਼ ਹੈ ਕਿ ਦੁਕਾਨਦਾਰ ਨੇ ਪੀੜਤਾਂ ਨੂੰ ਧੱਕਾ ਦੇ ਕੇ ਬਾਹਰ ਕੱਢ ਦਿੱਤਾ ਅਤੇ ਗੌਤਮ ਨਾਮ ਦੇ ਨੌਜਵਾਨ ਦੀ ਕੁੱਟਮਾਰ ਕੀਤੀ। ਉਸਨੇ ਗੌਤਮ ਦੇ ਕੰਨ ਵਿੱਚੋਂ ਸੋਨੇ ਦੀ ਕੰਨ ਦੀ ਵਾਲੀ ਵੀ ਖੋਹ ਲਈ। ਜਦੋਂ ਪੀੜਤਾਂ ਨੇ ਵਿਰੋਧ ਕੀਤਾ, ਤਾਂ ਦੁਕਾਨਦਾਰ ਨੇ ਰਵਿੰਦਰ ਸਿੰਘ ਨਾਮ ਦੇ ਇੱਕ ਹੋਰ ਵਿਅਕਤੀ ਨੂੰ ਬੁਲਾਇਆ, ਜਿਸਨੇ ਕਥਿਤ ਤੌਰ 'ਤੇ ਭੀਲ ਭਾਈਚਾਰੇ ਦੇ ਨੌਜਵਾਨਾਂ ਨੂੰ "ਭਿਲਦੇ" ਕਹਿ ਕੇ ਬੇਇੱਜ਼ਤ ਕੀਤਾ ਅਤੇ ਉਨ੍ਹਾਂ ਦੀ ਕੁੱਟਮਾਰ ਕੀਤੀ। ਦੋਸ਼ੀਆਂ ਨੇ ਪੀੜਤਾਂ ਨੂੰ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ।

ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਦੇ ਅਨੁਸਾਰ, ਇਹ ਘਟਨਾ ਟੋਂਕ ਜ਼ਿਲ੍ਹੇ ਦੇ ਨਿਵਾਈ ਦੇ ਡੰਗਰਾਥਲ ਪਿੰਡ ਦੀ ਹੈ। ਐਫਆਈਆਰ ਦੇ ਅਨੁਸਾਰ, ਇਹ ਘਟਨਾ ਮੰਗਲਵਾਰ ਨੂੰ ਵਾਪਰੀ ਜਦੋਂ ਕਾਲੂ ਹਰੀਜਨ ਨਾਮ ਦਾ ਇੱਕ ਨੌਜਵਾਨ ਆਪਣੇ ਵਾਲ ਕੱਟਵਾਉਣ ਲਈ ਪਿੰਡ ਵਿੱਚ ਨੰਦਕਿਸ਼ੋਰ ਸੈਨ ਦੀ ਦੁਕਾਨ 'ਤੇ ਗਿਆ।

ਹਰੀਜਨ ਕਹਿੰਦਾ ਹੈ, 'ਪਹਿਲਾਂ ਤਾਂ ਸੈਨ ਨੇ ਮੇਰੇ ਵਾਲ ਕੱਟਣ ਲਈ ਮੇਰੇ ਤੋਂ ਪੰਜ ਸੌ ਰੁਪਏ ਮੰਗੇ। ਮੈਂ ਮੰਨ ਗਿਆ ਪਰ ਫਿਰ ਉਸਨੇ ਮੇਰੇ ਵਾਲ ਕੱਟਣ ਤੋਂ ਇਨਕਾਰ ਕਰ ਦਿੱਤਾ ਅਤੇ ਮੈਨੂੰ ਆਪਣੀ ਦੁਕਾਨ ਤੋਂ ਇਹ ਕਹਿ ਕੇ ਬਾਹਰ ਕੱਢ ਦਿੱਤਾ ਕਿ ਮੈਂ ਨੀਵੀਂ ਜਾਤ ਦਾ ਹਾਂ ਅਤੇ ਉਹ ਮੇਰੇ ਵਾਲ ਨਹੀਂ ਕੱਟੇਗਾ। ਉਸਨੇ ਜਾਤੀ ਸੰਬੰਧੀ ਭਾਸ਼ਾ ਦੀ ਵਰਤੋਂ ਕਰਦੇ ਹੋਏ ਮੇਰੇ ਨਾਲ ਦੁਰਵਿਵਹਾਰ ਕੀਤਾ।'

ਇਸ ਘਟਨਾ ਤੋਂ ਬਾਅਦ, ਸਥਾਨਕ ਐਸਸੀ/ਐਸਟੀ ਸੰਗਠਨਾਂ ਨੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਉਹ ਕਹਿੰਦਾ ਹੈ ਕਿ ਸਮਾਜ ਵਿੱਚ ਜਾਤੀ ਭੇਦਭਾਵ ਅਜੇ ਵੀ ਪ੍ਰਚਲਿਤ ਹੈ ਅਤੇ ਅਜਿਹੇ ਮਾਮਲਿਆਂ ਵਿੱਚ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਭਾਰਤ ਆਦਿਵਾਸੀ ਪਾਰਟੀ ਦੇ ਸੰਸਥਾਪਕ ਮੈਂਬਰ ਕਾਂਤੀਲਾਲ ਰੋਤ ਨੇ ਰਾਜਸਥਾਨ ਪੁਲਿਸ ਤੋਂ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ।

# ਪੰਜਾਬ ਵਿੱਚ ਵੱਧ ਰਹੇ ਨਸ਼ੇ ਦੇ ਕਾਰਨ ਚੋਰੀਆਂ,ਲੁੱਟਾਂ ਖੋਹਾਂ,ਡਕੈਤੀਆਂ ਦੀਆਂ ਘਟਨਾਵਾਂ ਦਿਨ ਬ-ਦਿਨ ਵੱਧਦੀਆਂ ਜਾ ਰਹੀਆਂ ਹਨ : ਬੇਗਮਪੁਰਾ ਟਾਈਗਰ ਫੋਰਸ

## ਚੰਗੀ ਪੜ੍ਹਾਈ ਕਰਨ ਦੇ ਬਾਵਜੂਦ ਵੀ ਨੌਜਵਾਨ ਪੀੜ੍ਹੀ ਨੂੰ ਪੰਜਾਬ ਵਿੱਚ ਨਹੀਂ ਮਿਲ ਰਿਹਾ ਰੁਜ਼ਗਾਰ : ਹੈਪੀ, ਸਤੀਸ਼, ਸ਼ਨੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਜੂਨ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 29 ਜੂਨ ( ਤਰਸੇਮ ਦੀਵਾਨਾ ) ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਵਲੋਂ ਨਜ਼ਦੀਕੀ ਪਿੰਡ ਬਸੀ ਕਲਾਂ ਵਿਖ਼ੇ ਇੱਕ ਮੀਟਿੰਗ ਫੋਰਸ ਦੇ ਹਲਕਾ ਚੱਬੇਵਾਲ ਦੇ ਪ੍ਰਧਾਨ ਸਨੀ ਸੀਣਾ ਦੀ ਪ੍ਰਧਾਨਗੀ ਹੇਠ ਕੀਤੀ ਗਈ! ਮੀਟਿੰਗ ਵਿੱਚ ਫੋਰਸ ਦੇ ਜਿਲ੍ਹਾ ਪ੍ਰਧਾਨ ਹੈਪੀ ਫਤਹਿਗੜ੍ਹ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਸ਼ਤੀਸ ਕੁਮਾਰ ਸ਼ੇਰਗੜ੍ਹ ਅਤੇ ਹਲਕਾ ਹਰਿਆਣਾ ਭੂੰਗਾ ਦੇ ਪ੍ਰਧਾਨ ਅਨਿਲ ਕੁਮਾਰ ਬੰਟੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ! ਇਸ ਮੌਕੇ ਬੇਗਮਪੁਰਾ ਟਾਈਗਰ ਫੋਰਸ ਦੇ ਪ੍ਰੀਵਾਰ ਵਿੱਚ ਵਾਧਾ ਕਰਦਿਆਂ ਹਲਕਾ ਹਲਕਾ ਚੱਬੇਵਾਲ ਤੋਂ ਕੁਝ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਜਿਸ ਵਿੱਚ ਕ੍ਰਮਵਾਰ ਵਿਪਨ ਕੁਮਾਰ ਬਸੀ ਕਲਾ ਉੱਪ ਪ੍ਰਧਾਨ,ਲਖਵਿੰਦਰ ਬਿਹਾਲਾ ਜਨਰਲ ਸਕੱਤਰ,ਵਿਪਨ ਕੁਮਾਰ ਬਿਹਾਲਾ ਨੂੰ ਹਲਕਾ ਚੱਬੇਵਾਲ ਤੇ ਸਕੱਤਰ ਨਿਯੁਕਤ ਕੀਤਾ ਗਿਆ ! ਨਵੇਂ ਚੁਣੇ ਗਏ ਅਹੁਦੇਦਾਰਾ ਨੇ ਪ੍ਰਣ ਕੀਤਾ ਕਿ ਫੋਰਸ ਵਲੋਂ ਦਿੱਤੀ ਗਈ ਜਿੰਮੇਵਾਰੀ ਅਸੀਂ ਪੂਰੀ ਤਨਦੇਹੀ ਨਾਲ ਨਿਭਾਵਾਂਗੇ ! ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆ ਨੇ ਕਿਹਾ ਕਿ ਅੱਜ ਪੰਜਾਬ ਦੇ ਹਲਾਤ ਬਹੁਤ ਹੀ ਮੁਸ਼ਕਲ ਦੌਰ ਵਿਚੋਂ ਗੁਜ਼ਰ ਰਹੇ ਹਨ। ਜਿਵੇਂ ਕਿ ਬੇਰੁਜ਼ਗਾਰੀ, ਮਹਿੰਗਾਈ, ਅਨਪੜ੍ਹਤਾ, ਵੱਧ ਰਹੇ ਨਸ਼ੇ, ਇਹ ਸਾਰੀ ਸਥਿਤੀ ਤੋਂ ਪੈਦਾ ਹੋ ਰਹੀਆਂ ਘਟਨਾਵਾਂ ਜਿਵੇਂ ਕਿ ਚੋਰੀਆਂ,ਲੁੱਟਾਂ ਖੋਹਾਂ,ਡਕੈਤੀਆਂ ਜੋ ਕਿ ਦਿਨ ਬੇ- ਦਿਨ ਵੱਧਦੀਆਂ ਜਾ ਰਹੀਆਂ ਹਨ। ਨੌਜਵਾਨ ਦਿਨ ਬੇ-ਦਿਨ ਬੇਰੁਜ਼ਗਾਰ ਹੋ ਰਹੇ ਹਨ। ਚੰਗੀ ਪੜ੍ਹਾਈ ਕਰਨ ਦੇ ਬਾਵਜੂਦ ਵੀ ਨੌਜਵਾਨ ਪੀੜ੍ਹੀ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ ਨਾ ਸਰਕਾਰੀ ਅਤੇ ਨਾ ਕੋਈ ਪ੍ਰਾਈਵੇਟ ਨੌਕਰੀ ਮਿਲ ਰਹੀ ! ਉਹਨਾਂ ਕਿਹਾ ਕਿ ਉੱਤੋਂ ਕੌੜੀ ਵੇਲ ਦੀ ਤਰ੍ਹਾਂ ਦਿਨੋਂ ਦਿਨ ਮਹਿੰਗਾਈ ਵੱਧਦੀ ਜਾ ਰਹੀ ਹੈ ਇਹਨਾਂ ਹਲਾਤਾਂ ਵਿੱਚ ਆਮ ਲੋਕਾਂ ਨੂੰ ਗੁਜਾਰਾ ਕਰਨਾ ਬਹੁਤ ਔਖਾ ਹੋ ਰਿਹਾ ਹੈ। ਉਹਨਾਂ



ਕਿਹਾ ਕਿ ਆਉਂਦੀਆਂ ਜਾਂਦੀਆਂ ਸਰਕਾਰਾਂ ਨੇ ਪੰਜਾਬ ਦੇ ਲੋਕਾਂ ਨੂੰ ਚੰਗੇ ਦਿਨਾਂ ਦੇ ਸਿਰਫ ਸੁਪਨੇ ਹੀ ਦਿਖਾਏ ਹਨ ਪ੍ਰੰਤੂ ਕੀਤਾ ਕੁਝ ਨਹੀ ।ਉਹਨਾਂ ਕਿਹਾ ਕਿ ਪੰਜ ਸਾਲ ਐਸ਼ ਪ੍ਰਸਤੀ ਕਰਕੇ ਸਰਕਾਰਾਂ ਬਦਲ ਜਾਂਦੀਆਂ ਹਨ ਪਰ ਆਮ ਲੋਕਾਂ ਦਾ ਜੀਵਨ ਉਥੇ ਹੀ ਖੜ੍ਹਾ ਰਹਿੰਦਾ ਹੈ। ਉਹਨਾਂ ਕਿਹਾ ਕਿ ਸਰਕਾਰਾਂ ਨੂੰ ਜਿੰਨਾ ਕੰਮ ਕਰਨ ਦੀ ਲੋੜ ਹੈ ਉਹ ਨਹੀਂ ਕਰਦੀਆਂ ਬਸ ਲਾਰੇ ਹੀ ਲਾਉਂਦੀਆਂ ਹਨ।ਉਹਨਾਂ ਕਿਹਾ ਕਿ ਹਰੇਕ ਸਰਕਾਰ ਨੇ ਨਸ਼ਾ ਬੰਦ ਕਰਨ ਦਾ ਵਾਅਦਾ ਕੀਤਾ ਪਰ ਨਸ਼ਾ ਤਾਂ ਕੀ ਬੰਦ ਕਰਨਾ ਇਹਨਾਂ ਕੋਲੋਂ ਚਾਈਨਾ ਡੋਰ ਤੱਕ ਬੰਦ ਨਹੀਂ ਹੋਈ ਉਹਨਾਂ ਸਮੂਹ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਮਹਿੰਗਾਈ ਬੇਰੁਜ਼ਗਾਰੀ ਅਤੇ ਵੱਧਦੇ ਹੋਏ ਨਸ਼ੇ ਨੂੰ ਨੱਥ ਪਾਉਣ ਲਈ ਬੇਗਮਪੁਰਾ ਟਾਈਗਰ ਫੋਰਸ ਦਾ ਸਾਥ ਦਿਉ ਅਤੇ ਸਾਡੀਆਂ ਬਾਹਾਂ ਬਣੋ ਤਾਂ ਜੋ ਅਸੀਂ ਸਮੇਂ ਸਮੇਂ ਤੇ ਸਰਕਾਰਾਂ ਤੱਕ ਲੋਕਾਂ ਦੀਆ ਮੁਸ਼ਕਲਾਂ ਪਹੁੰਚਾਉਂਦੇ ਰਹੀਏ। ਇਸ ਮੌਕੇ ਹੋਰਨਾਂ ਤੋ ਇਲਾਵਾ ਭਿੰਦਾ ਸੀਣਾ, ਰਕੇਸ਼ ਜੱਲੋਵਾਲ, ਰਾਜੂ ਹਰਿਆਣਾ, ਰਵੀ ਸੁੰਦਰ ਨਗਰ, ਬਸੀ ਕਲਾ ਲੰਬੜਦਾਰ ਸੰਦੀਪ ਕੁਮਾਰ, ਕਾਲਾ ਪ੍ਰਧਾਨ, ਬੱਬੂ, ਲਾਡਾ, ਰਕੇਸ਼ ਰੌਸ਼ਨ, ਹਰਪ੍ਰੀਤ ਕੁਮਾਰ, ਸਤਪਾਲ, ਵਿਸ਼ਾਲ, ਬੱਬੂ, ਹਰਪ੍ਰੀਤ ਬਿਹਾਲਾ, ਗੁਰਪ੍ਰੀਤ ਬਿਹਾਲਾ, ਉਦੇਸ਼ ਬਿਹਾਲਾ, ਰਾਮਾ ਬਿਹਾਲਾ, ਵਿਸ਼ਾਲ ਬਿਹਾਲਾ, ਅਤੇ ਅਵੀ ਬਿਹਾਲਾ ਆਦਿ ਹਾਜ਼ਰ ਸਨ।

# ਪੁਲਿਸ ਚੌਂਕੀ ਅੱਪਰਾ ਦੇ ਇੰਚਾਰਜ ਸਬ ਇੰਸਪੈਕਟਰ ਨਿਰਮਲ ਸਿੰਘ ਅਤੇ ਸਮੂਹ ਸਟਾਫ ਨੂੰ ਵਧੀਆ ਕਾਰਗੁਜ਼ਾਰੀ ਲਈ ਕੀਤਾ ਸਨਮਾਨਿਤ



"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਜੂਨ
INTERNATIONAL PAPER, 94636 01616
hardipchumber57@gmail.com

ਫਿਲੌਰ/ਅੱਪਰਾ (ਦੀਪਾ)- ਸਥਾਨਕ ਪੁਲਿਸ ਚੌਂਕੀ ਵਿਖੇ ਤਾਇਨਾਤ ਸਬ ਇੰਸਪੈਕਟਰ ਨਿਰਮਲ ਸਿੰਘ ਅਤੇ ਅੱਪਰਾ ਪੁਲਿਸ ਚੌਂਕੀ ਦੇ ਸਮੂਹ ਸਟਾਫ਼ ਨੂੰ ਗ੍ਰਾਮ ਪੰਚਾਇਤ ਅੱਪਰਾ ਤੇ ਹੋਰ ਪਤਵੰਤਿਆਂ ਵਲੋਂ ਪ੍ਰਸੰਸਾ ਪੱਤਰ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸ਼ਹੀਦ ਭਗਤ ਸਿੰਘ ਪਾਰਕ ਅੱਪਰਾ ਵਿਖੇ ਆਯੋਜਿਤ ਕੀਤੇ ਗਏ ਬਹੁਤ ਹੀ ਪ੍ਰਭਾਵਸ਼ਾਲੀ ਤੇ ਸੰਖੇਪ ਜਿਹੇ ਸਨਮਾਨ ਸਮਾਰੋਹ ਮੌਕੇ ਵਿਨੈ ਕੁਮਾਰ ਸਰਪੰਚ ਗ੍ਰਾਮ ਪੰਚਾਇਤ ਅੱਪਰਾ ਅਤੇ ਭਾਜਪਾ ਆਗੂ ਮੁਕੇਸ਼ ਕੁਮਾਰ ਦਾਦਰਾ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਜਾਰੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਅਤੇ ਹੋਰ ਕਾਰਜਾਂ ਪ੍ਰਤੀ ਵੀ ਸਬ ਇੰਸਪੈਕਟਰ ਨਿਰਮਲ ਸਿੰਘ ਅਤੇ ਉਨ੍ਹਾਂ ਦੀ ਟੀਮ ਦੀ ਕਾਰੁਜ਼ਗਾਰੀ ਬਹੁਤ ਹੀ ਬਿਹਤਰ ਰਹੀ ਹੈ। ਉਨ੍ਹਾਂ ਕਿਹਾ ਕਿ ਸੀ. ਐਚ. ਸੀ. ਅੱਪਰਾ ਵਿਖੇ ਸਥਿਤ ਓਟ ਕੇਂਦਰ ਵਿੱਚ ਗੋਲੀ ਲੈਣ ਦੇ ਬਹਾਨੇ ਸਾਰੇ ਸ਼ਰਾਰਤੀ ਅਨਸਰ ਆਉਂਦੇ ਸਨ, ਜਿਸ ਕਾਰਨ ਅੱਪਰਾ ਵਾਸੀਆਂ ਨੂੰ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸਤੋਂ ਇਲਾਵਾ ਸ਼ਹਿਰ ਦੀ ਸ਼ਾਨ ਸਮਝੇ ਜਾਂਦੇ ਸ਼ਹੀਦ ਭਗਤ ਸਿੰਘ ਪਾਰਕ ਅਤੇ ਭਾਈ ਮਿਹਰ ਚੰਦ ਪਾਰਕ ਵਿੱਚ ਵੀ ਗੈਰ-ਸਮਾਜੀ ਤੱਤ ਅਤੇ ਭੂੰਡ ਆਸ਼ਕ ਮੰਡਰਾਉਂਦੇ ਰਹਿੰਦੇ ਸਨ। ਇਹਨਾਂ ਬਾਹਰੀ ਗੈਰ ਸਮਾਜੀ ਤੱਤਾਂ ਦਾ ਹੱਲ ਕੱਢਣ ਵਾਰੇ ਅਨੇਕਾਂ ਵਾਰ ਪ੍ਰਸ਼ਾਸ਼ਨ ਨੂੰ ਬੇਨਤੀਆਂ ਕੀਤੀਆਂ ਗਈਆਂ, ਪਰ ਪੰਚਾ ਦਾ ਕਿਹਾ ਸਿਰ ਮੱਥੇ ਪਰਨਾਲਾ ਉੱਥੇ ਦਾ ਉੱਥੇ ਵਾਲੀ ਕਹਾਵਤ ਲਾਗੂ ਰਹੀ। ਇਹਨਾ ਸ਼ਰਾਰਤੀ ਤੱਤਾਂ ਨੂੰ ਠੱਲ੍ਹ ਪਾ ਕੇ ਅੱਪਰਾ ਵਾਸੀਆਂ ਨੂੰ ਸੁੱਖ ਦਾ ਸਾਹ ਦਵਾਉਣ ਦਾ ਸ਼ਲਾਘਾਯੋਗ ਕਾਰਜ ਸਿਰਫ਼ ਸਬ ਇੰਸਪੈਕਟਰ ਨਿਰਮਲ ਸਿੰਘ ਦੀ ਅਗਵਾਈ ਵਾਲੀ ਟੀਮ ਵਲੋਂ ਹੀ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸਬ ਇੰਸਪੈਕਟਰ ਨਿਰਮਲ ਸਿੰਘ ਨੇ ਕਿਹਾ ਕਿ ਐਸ. ਐਸ. ਪੀ. ਹਰਵਿੰਦਰ ਸਿੰਘ ਵਿਰਕ, ਡੀ. ਐਸ. ਪੀ. ਫਿਲੌਰ ਸਰਵਣ ਸਿੰਘ ਬੱਲ ਅਤੇ ਐਸ. ਐਚ. ਓ. ਸੰਜੀਵ ਕਪੂਰ ਜੀ ਦੇ ਹੁਕਮਾਂ ਤਹਿਤ ਅਮਨ ਕਾਨੂੰਨ ਨੂੰ ਬਰਕਰਾਰ ਰੱਖਣ, ਸ਼ਰਾਰਤੀ ਤੇ ਗੈਰ ਸਮਾਜਿਕ ਅਨਸਰਾਂ ਅਤੇ ਨਸ਼ਾ ਤਸਕਰਾਂ ਨੂੰ ਠੱਲ੍ਹ ਪਾਉਣ ਲਈ ਮੈਂ ਤੇ ਮੇਰੀ ਟੀਮ ਤਨਦੇਹੀ ਨਾਲ ਡੱਟੇ ਹੋਏ ਹਾਂ। ਚਾਰਜ ਸੰਭਾਲਦਿਆਂ ਹੀ ਗ੍ਰਾਮ ਪੰਚਾਇਤ ਵਲੋਂ ਮਿਲੀਆਂ ਸ਼ਿਕਾਇਤਾਂ ਅਨੁਸਾਰ ਗੈਰ ਸਮਾਜੀ ਤੱਤਾਂ ਖਿਲਾਫ਼ ਵੀ ਮੁਹਿੰਮ ਵਿੱਡੀ ਗਈ ਸੀ। ਉਨ੍ਹਾਂ ਨਸ਼ਾ ਤਸਕਰਾਂ ਤੇ ਸ਼ਰਾਰਤੀ ਅਨਸਰਾਂ ਨੂੰ ਸਖਤ ਤਾੜਨਾ ਵੀ ਕੀਤੀ। ਇਸ ਸਨਮਾਨ ਸਮਾਰੋਹ ਮੌਕੇ ਸਰਪੰਚ ਵਿਨੈ ਕੁਮਾਰ, ਭਾਜਪਾ ਆਗੂ ਮੁਕੇਸ਼ ਦਾਦਰਾ, , ਵਿਨੋਦ ਕੁਮਾਰ ਟੋਨੂੰ ਕਾਲੜਾ, ਅਕਾਲੀ ਆਗੂ ਤੇ ਮੈਂਬਰ ਪੰਚਾਇਤ ਕੁਲਦੀਪ ਸਿੰਘ ਜੌਹਲ,ਸਰਪੰਚ ਸਿਮਰਜੀਤ ਕੌਰ ਸਹੋਤਾ ਚੱਕ ਸਾਹਬੂ ਦੇ ਲਾਡਲੇ ਸਪੁੱਤਰ ਬਲਕਾਰ ਸਿੰਘ ਸਹੋਤਾ ਅੱਪਰਾ ਸਵੀਟਸ, ਪੰਚ ਮੋਹਣ ਲਾਲ, ਪੰਚ ਰੂਪ ਲਾਲ, ਤਿਲਕ ਰਾਜ ਸਿੰਘ ਖਾਲਸਾ, ਹਰਬੰਸ ਲਾਲ ਮਣਸਾ ਪੰਚ, ਗੁਰਦੀਪ ਸਿੰਘ ਕਾਲਾ ਲਵਲੀ, ਗੁਰਦੀਪ ਸਿੰਘ ਗੁਲਾਟੀ, ਸੁਭਾਸ਼ ਕੁਮਾਰ ਭਾਸ਼ਾ, ਜਸਵੰਤ ਰਾਏ ਮੈਨੇਜਰ, ਰਾਜੇਸ਼ ਕੁਮਾਰ ਜੌਹਨੀ, ਪਰਮਜੀਤ ਕੌਰ ਮੈਂਬਰ ਪੰਚਾਇਤ, ਸੀਮਾ ਰਾਣੀ, ਨੀਲਮ ਰਾਣੀ, ਕਾਜਲ ਆਰੋੜਾ, ਹਰਜੀਤ ਸਿੱਧੂ, ਪਰਮਜੀਤ ਕਾਲਾ ਵਿਰਕ, ਲਖਨਜੀਤ ਦਾਦਰਾ, ਅਤੇ ਪੰਕਜ ਉੱਪਲ ਆਦਿ ਹਾਜ਼ਰ ਸਨ।

# ਕੁੰਵਰ ਵਿਜੇ ਪ੍ਰਤਾਪ 5 ਸਾਲ ਲਈ ਪਾਰਟੀ ਤੋਂ ਮੁਅੱਤਲ, ਮਜੀਠੀਆ 'ਤੇ ਹੋਈ ਕਾਰਵਾਈ 'ਤੇ ਸਵਾਲ ਚੁੱਕਣ ਵਾਲਾ ਇਹ ਆਗੂ ਕਦੋਂ-ਕਦੋਂ ਪਾਰਟੀ ਖ਼ਿਲਾਫ਼ ਬੋਲਿਆ

"Equality and justice"
Patiala 30 June
INTERNATIONAL PAPER, 94636 01616
hardipchumber57@gmail.com

ਆਮ ਆਦਮੀ ਪਾਰਟੀ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ 5 ਸਾਲ ਲਈ ਪਾਰਟੀ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ। ਉਨ੍ਹਾਂ 'ਤੇ ਇਹ ਕਾਰਵਾਈ ਪਾਰਟੀ ਵਿਰੋਧੀ ਗਤੀਵਿਧੀਆਂ 'ਚ ਸ਼ਾਮਲ ਹੋਣ ਦੇ ਇਲਜ਼ਾਮ ਤਹਿਤ ਕੀਤੀ ਗਈ ਹੈ।

ਹਾਲ ਹੀ ਵਿੱਚ ਨਸ਼ਿਆਂ ਖ਼ਿਲਾਫ਼ ਮੁਹਿੰਮ ਦੇ ਤਹਿਤ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਮਜੀਠੀਆ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਵਿਜੀਲੈਂਸ ਦੀ ਇਸ ਕਾਰਵਾਈ ਦੇ ਢੰਗ 'ਤੇ ਸਵਾਲ ਚੁੱਕੇ ਸਨ।

ਹੁਣ ਆਮ ਆਦਮੀ ਪਾਰਟੀ ਦੀ ਪਾਲੀਟਿਕਲ ਅਫੇਅਰ ਕਮੇਟੀ ਨੇ ਉਨ੍ਹਾਂ ਨੂੰ 5 ਸਾਲ ਲਈ ਮੁਅੱਤਲ ਕਰਨ ਦਾ ਫੈਸਲਾ ਲਿਆ ਹੈ।

ਕੁੰਵਰ ਵਿਜੇ ਪ੍ਰਤਾਪ ਸਿੰਘ ਜੂਨ 2021 ਵਿੱਚ ਅੰਮ੍ਰਿਤਸਰ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸਨ।

ਭਾਰਤੀ ਪੁਲਿਸ ਸੇਵਾ ਵਿੱਚ ਰਹਿੰਦੀਆਂ ਹੋਇਆਂ ਅਤੇ ਫਿਰ ਸਰਕਾਰੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਪਾਰਟੀ 'ਚ ਸ਼ਾਮਲ ਹੋਣ ਤੋਂ ਬਾਅਦ ਵੀ ਉਹ ਕਿਸੇ ਨਾ ਕਿਸੇ ਕਾਰਨ ਚਰਚਾ ਵਿੱਚ ਰਹਿੰਦੇ ਆਏ ਹਨ।

'ਆਪ' ਚ ਸ਼ਾਮਲ ਹੋਣ ਤੋਂ ਬਾਅਦ, ਕਈ ਮੌਕੇ ਅਜਿਹੇ ਆਏ ਜਦੋਂ ਉਨ੍ਹਾਂ ਨੇ ਆਪਣੀ ਹੀ ਪਾਰਟੀ ਖ਼ਿਲਾਫ਼ ਬਿਆਨਬਾਜ਼ੀ ਕੀਤੀ ਜਾਂ ਸਵਾਲ ਚੁੱਕੇ।

ਅਜਿਹੇ ਕੁਝ ਮੌਕਿਆਂ 'ਤੇ ਝਾਤ ਮਾਰਨ ਤੋਂ ਪਹਿਲਾਂ ਜਾਣ ਲੈਂਦੇ ਹਾਂ ਕਿ ਹਾਲ ਹੀ ਵਿੱਚ ਉਨ੍ਹਾਂ ਨੇ ਪਾਰਟੀ 'ਤੇ ਕੀ ਸਵਾਲ ਚੁੱਕੇ ਸਨ...

ਇਸ ਦੌਰਾਨ ਬਟਾਲਾ ਦੇ ਇੱਕ ਸਿਆਸੀ ਸਮਾਗਮ 'ਚ ਪਹੁੰਚੇ ਦਿੱਲੀ ਦੇ ਸਾਬਕਾ ਉਪ-ਮੁੱਖ ਮੰਤਰੀ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸ਼ੋਦੀਆ ਨੇ ਪੱਤਰਕਾਰਾ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਅੰਮ੍ਰਿਤਸਰ ਤੋਂ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਨੂੰ ਜੋ ਪਾਰਟੀ ਤੋਂ ਬਾਹਰ ਦਾ ਰਸਤਾ ਦਿਖਾਇਆ ਗਿਆ ਹੈ ਉਹ ਬਿਲਕੁਲ ਸਹੀ ਹੈ।

ਉਨ੍ਹਾਂ ਨੇ ਕਿਹਾ, "ਆਮ ਆਦਮੀ ਪਾਰਟੀ ਇੱਕ ਅਨੁਸ਼ਾਸਿਤ ਪਾਰਟੀ ਹੈ। ਇਹ ਪਾਰਟੀ ਪੰਜਾਬ ਦੇ ਲੋਕਾਂ ਦੇ ਉਮੀਦਾਂ ਦੀ ਪਾਰਟੀ ਹੈ। ਜੋ ਵੀ ਲੀਡਰ ਸਰਕਾਰ 'ਚ ਰਹਿ ਕੇ ਕੁੱਝ ਗਲਤ ਕਰੇਗਾ ਜਾਂ ਪਾਰਟੀ ਦੇ ਕਿਸੇ ਅਹੁਦੇ 'ਤੇ ਰਹਿ ਕੇ ਅਜਿਹਾ ਕੰਮ ਕਰੇਗਾ ਜੋ ਕਿ ਪਾਰਟੀ ਦੇ ਹਿੱਤ 'ਚ ਨਾਂ ਹੋਵੇ ਉਸ ਦੇ ਖਿਲਾਫ਼ ਤਾਂ ਕਾਰਵਾਈ ਕੀਤੀ ਜਾਵੇਗੀ।"

## ਮਜੀਠੀਆ 'ਤੇ ਹੋਈ ਕਾਰਵਾਈ ਨੂੰ ਲੈ ਕੇ ਚੁੱਕੇ ਸਵਾਲ

***ਜਦੋਂ ਜੇਲ ਦੇ ਵਿੱਚ ਸੀਗੇ ਮਜੀਠੀਆ ਜੀ 2022 ਵਿੱਚ, ਡਰੱਗ ਦੇ ਕੇਸ ਵਿੱਚ; ਤਾਂ ਮਾਨ ਸਾਹਬ ਦੀ ਸਰਕਾਰ ਨੇ ਪੁੱਛ ਗਿੱਛ ਤੱਕ ਨਹੀਂ ਕੀਤੀ, ਚਲਾਨ ਨਹੀਂ ਪੇਸ਼ ਕੀਤਾ ਅਤੇ ਜ਼ਮਾਨਤ ਕਰਵਾ ਦਿੱਤੀ। ਬਰਗਾੜੀ ਬੇਅਦਬੀ ਦੇ ਇਨਸਾਫ਼ ਦੇ ਵੇਲੇ ਵੀ ਦੋਸ਼ੀ ਪਰਿਵਾਰ ਦੇ ਨਾਲ ਸਰਕਾਰ ਨੇ ਸਮਝੌਤਾ ਕਰ ਲਿਆ।***

**ਮਜੀਠੀਆ ਜੀ ਦੇ ਨਾਲ ਮੇਰਾ ਵਿਚਾਰਕ ਮਤਭੇਦ ਹੈ ਅਤੇ ਰਹੇਗਾ; ਲੇਕਿਨ ਪਰਿਵਾਰ ਦੀ ਇੱਜ਼ਤ ਸਾਰਿਆਂ ਦੀ ਸਾਂਝੀ ਹੁੰਦੀ ਹੈ; ਚਾਹੇ ਉਹ ਨੇਤਾ ਹੋਵੇ ਅਭਿਨੇਤਾ ਹੋਵੇ, ਅਮੀਰ ਹੋਵੇ ਜਾਂ ਗਰੀਬ ਹੋਵੇ ਦੋਸਤ ਹੋਵੇ ਜਾਂ ਦੁਸ਼ਮਣ**

**ਤੜਕੇ ਕਿਸੇ ਦੇ ਘਰ ਤੇ ਰੇਡ ਮਾਰਨਾ ਨੀਤੀ ਦੇ ਖਿਲਾਫ ਹੁੰਦਾ ਹੈ; ਤਕਰੀਬਨ ਹਰ ਆਉਣ ਵਾਲਿਆਂ ਸਰਕਾਰਾਂ ਨੇ ਪੁਲਿਸ ਤੇ ਵਿਜੀਲੈਂਸ ਦਾ ਆਪਣੇ ਫਾਇਦੇ ਲਈ ਦੁਰਉਪਯੋਗ ਅਤੇ ਦੁਰਵਰਤੋਂ ਕੀਤੀ ਲੇਕਿਨ ਸਿੱਟਾ ਕੋਈ ਖਾਸ ਨਿਕਲਦਾ ਨਹੀਂ।**

**ਕਿਸੇ ਦੇ ਨਾਲ ਮੇਰਾ ਸਿਆਸੀ ਤੌਰ ਤੇ ਮਤਭੇਦ ਹੋ ਸਕਦਾ ਹੈ, Ideological difference ਹੋ ਸਕਦਾ ਹੈ; ਲੇਕਿਨ ਨੀਤੀ, ਧਰਮ ਤੇ ਦਿਆਨਤਦਾਰੀ ਦੀ ਗੱਲ ਹੋਵੇ ਤਾਂ ਚਰਚਾ ਕਰਨੀ ਲਾਜਿਮੀ ਹੋ ਜਾਂਦੀ ਹੈ।**

**ਜਦੋਂ ਮਜੀਠੀਆ ਸਾਹਬ ਕਾਂਗਰਸ ਸਰਕਾਰ ਵੇਲੇ ਦਰਜ ਹੋਏ ਮੁਕੱਦਮੇ ਵਿੱਚ ਜੇਲ ਦੇ ਵਿੱਚ ਸਨ ਤਾਂ ਮਾਨ ਸਾਹਬ ਦੀ ਸਰਕਾਰ ਨੇ ਕੋਈ ਰਿਮਾਂਡ ਨਹੀਂ ਲਿਆ ਅਤੇ ਕੋਈ ਪੁੱਛ ਗਿੱਛ ਨਹੀਂ ਕੀਤੀ ਗਈ; ਬਾਅਦ ਦੇ ਵਿੱਚ ਮਾਨ ਸਾਹਬ ਦੇ ਸਰਕਾਰੀ ਤੰਤਰ ਨੇ ਜਮਾਨਤ ਕਰਵਾ ਦਿੱਤੀ ਸੀ।**

**ਮਾਣਯੋਗ ਹਾਈ ਕੋਰਟ ਨੇ ਇਸ ਗਰਾਊਂਡ ਤੇ ਜਮਾਨਤ ਦਿੱਤੀ ਕਿ ਜੇਕਰ ਪੁਲਿਸ ਨੂੰ ਪੁੱਛ ਗਿੱਛ ਵਾਸਤੇ ਲੋੜੀਂਦਾ ਨਹੀਂ ਹਨ ਤਾਂ ਕਸਟਡੀ ਵਿੱਚ ਰੱਖਣਾ ਕਾਨੂੰਨ ਦੇ ਖ਼ਿਲਾਫ਼ ਹੈ।**

**ਮੇਰਾ ਕਹਿਣਾ ਹੈ ਕਿ ਜਦੋਂ ਕਸਟਡੀ ਵਿੱਚ ਸੀ ਗੇ ਤਾਂ ਸਰਕਾਰ ਨੇ ਜਮਾਨਤ ਕਰਵਾ ਦਿੱਤੀ ਤੇ ਹੁਣ ਨੋਟਿਸ ਜਾਰੀ ਕਰਕੇ ਪੁੱਛ ਗਿੱਛ ਕੀਤੀ ਜਾਂਦੀ ਹੈ ਤੇ ਅੱਜ ਘਰ ਤੇ ਰੇਡ ਕੀਤਾ ਜਾ ਰਿਹਾ ਹੈ ਅਤੇ ਬਹੁ-ਬੇਟੀ ਦੀ ਇੱਜਤ ਦੇ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ।**

**ਇੱਥੇ ਜ਼ਿਕਰਯੋਗ ਹੈ ਕਿ ਮਜੀਠੀਆ ਸਾਹਬ ਦੇ ਨਾਲ ਮੇਰਾ Ideological ਮਤਭੇਦ ਹੈ ਅਤੇ ਰਹੇਗਾ; ਗੱਲ ਨੀਤੀ ਅਤੇ ਦਿਆਨਤਦਾਰੀ ਦੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਅੰਮ੍ਰਿਤਸਰ ਅਤੇ ਚੰਡੀਗੜ੍ਹ ਵਾਲੇ ਘਰ ਵਿੱਚ ਵਿਜੀਲੈਂਸ ਬਿਊਰੋ ਵੱਲੋਂ ਲੰਘੀ 25 ਜੂਨ ਨੂੰ ਛਾਪੇਮਾਰੀ ਕੀਤੀ ਗਈ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।**





ਵਿਜੀਲੈਂਸ ਬਿਊਰੋ, ਪੰਜਾਬ ਦੁਆਰਾ ਜਾਰੀ ਪ੍ਰੈਸ ਰਿਲੀਜ਼ ਮੁਤਾਬਕ, ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਵੱਲੋਂ ਕੀਤੀ ਗਈ ਜਾਂਚ ਵਿੱਚ ਪਾਇਆ ਗਿਆ ਹੈ ਕਿ ਮਜੀਠੀਆ ਵੱਲੋਂ ਗੈਰ ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਕਮਾਈ ਨੂੰ ਵੱਡੇ ਪੱਧਰ 'ਤੇ ਸਫੇਦ ਧਨ ਵਿੱਚ ਤਬਦੀਲ ਕਰਨ ਦਾ ਖੁਲਾਸਾ ਹੋਇਆ ਹੈ।

ਫਿਲਹਾਲ ਮਜੀਠੀਆ ਮੋਹਾਲੀ ਕੋਰਟ ਦੇ ਆਦੇਸ਼ਾਂ ਮੁਤਾਬਕ 7 ਦਿਨਾਂ ਦੀ ਪੁਲਿਸ ਰਿਮਾਂਡ ਉੱਤੇ ਹਨ।

ਉੱਤਰੀ ਅੰਮ੍ਰਿਤਸਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਸਾਬਕਾ ਆਈਪੀਐੱਸ ਅਫਸਰ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਵਿਜੀਲੈਂਸ ਦੀ ਇਸ ਕਾਰਵਾਈ 'ਤੇ ਸਵਾਲ ਚੁੱਕਦਿਆਂ ਆਪਣੀ ਹੀ ਪਾਰਟੀ ਖਿਲਾਫ ਬਿਆਨਬਾਜ਼ੀ ਕੀਤੀ।

ਉਨ੍ਹਾਂ ਇਸ ਸਬੰਧੀ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਇੱਕ ਲੰਮੀ ਪੋਸਟ 'ਚ ਲਿਖਿਆ, ''ਜਦੋਂ ਮਜੀਠੀਆ ਜੀ 2022 ਵਿੱਚ ਡਰੱਗ ਦੇ ਕੇਸ ਵਿੱਚ ਜੇਲ੍ਹ 'ਚ ਸੀ, ਤਾਂ ਮਾਨ ਸਾਹਬ ਦੀ ਸਰਕਾਰ ਨੇ ਉਦੋਂ ਉਨ੍ਹਾਂ ਕੋਲੋਂ ਪੁੱਛ-ਗਿੱਛ ਤੱਕ ਨਹੀਂ ਕੀਤੀ, ਚਲਾਨ ਨਹੀਂ ਪੇਸ਼ ਕੀਤਾ ਅਤੇ ਜ਼ਮਾਨਤ ਕਰਵਾ ਦਿੱਤੀ।''

ਬਰਗਾੜੀ ਬੇਅਦਬੀ ਦੇ ਇਨਸਾਫ਼ ਵੇਲੇ ਵੀ ਦੋਸ਼ੀ ਪਰਿਵਾਰ ਦੇ ਨਾਲ ਸਰਕਾਰ ਨੇ ਸਮਝੌਤਾ ਕਰ ਲਿਆ।''

''ਮਜੀਠੀਆ ਜੀ ਦੇ ਨਾਲ ਮੇਰਾ ਵਿਚਾਰਕ ਮਤਭੇਦ ਹੈ ਅਤੇ ਰਹੇਗਾ ਪਰ ਪਰਿਵਾਰ ਦੀ ਇੱਜ਼ਤ ਸਾਰਿਆਂ ਦੀ ਸਾਂਝੀ ਹੁੰਦੀ ਹੈ, ਚਾਹੇ ਉਹ ਨੇਤਾ ਹੋਵੇ, ਅਭਿਨੇਤਾ ਹੋਵੇ, ਅਮੀਰ ਹੋਵੇ ਜਾਂ ਗਰੀਬ ਹੋਵੇ, ਦੋਸਤ ਹੋਵੇ ਜਾਂ ਦੁਸ਼ਮਣ।''

''ਤੜਕੇ ਕਿਸੇ ਦੇ ਘਰ 'ਤੇ ਰੇਡ ਮਾਰਨਾ ਨੀਤੀ ਦੇ ਖਿਲਾਫ ਹੁੰਦਾ ਹੈ, ਤਕਰੀਬਨ ਹਰ ਆਉਣ ਵਾਲੀਆਂ ਸਰਕਾਰਾਂ ਨੇ ਪੁਲਿਸ ਤੇ ਵਿਜੀਲੈਂਸ ਦਾ ਆਪਣੇ ਫਾਇਦੇ ਲਈ ਦੁਰਉਪਯੋਗ ਅਤੇ ਦੁਰਵਰਤੋਂ ਕੀਤੀ ਪਰ ਸਿੱਟਾ ਕੋਈ ਖਾਸ ਨਿਕਲਦਾ ਨਹੀਂ।''

ਉਨ੍ਹਾਂ ਲਿਖਿਆ, ''ਮੇਰਾ ਕਹਿਣਾ ਹੈ ਕਿ ਜਦੋਂ (ਮਜੀਠੀਆ) ਕਸਟਡੀ ਵਿੱਚ ਸੀ ਤਾਂ ਸਰਕਾਰ ਨੇ ਜ਼ਮਾਨਤ ਕਰਵਾ ਦਿੱਤੀ ਤੇ ਹੁਣ ਨੋਟਿਸ ਜਾਰੀ ਕਰਕੇ ਪੁੱਛਗਿੱਛ ਕੀਤੀ ਜਾਂਦੀ ਹੈ ਤੇ ਅੱਜ ਘਰ 'ਤੇ ਰੇਡ ਕੀਤੀ ਜਾ ਰਹੀ ਹੈ ਅਤੇ ਬਹੁ-ਬੇਟੀ ਦੀ ਇੱਜ਼ਤ ਦੇ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ।''

## ਪਹਿਲਾਂ ਕਦੋਂ-ਕਦੋਂ ਆਪਣੀ ਹੀ ਸਰਕਾਰ ਖਿਲਾਫ਼ ਬੋਲੇ ਕੁੰਵਰ

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਕੁੰਵਰ ਵਿਜੇ ਪ੍ਰਤਾਪ ਨੇ ਆਪਣੀ ਹੀ ਪਾਰਟੀ ਖ਼ਿਲਾਫ਼ ਆਵਾਜ਼ ਚੁੱਕੀ ਹੋਵੇ। ਇਸ ਤੋਂ ਪਹਿਲਾਂ ਵੀ ਅਜਿਹੇ ਕਈ ਮੌਕੇ ਆਏ ਹਨ ਜਦੋਂ ਉਨ੍ਹਾਂ ਦੇ ਸੁਰ ਪਾਰਟੀ ਨਾਲੋਂ ਵੱਖਰੇ ਸੁਣਾਈ ਦਿੱਤੇ ਹਨ।

## ਬੇਅਦਬੀ ਤੇ ਪੁਲਿਸ ਗੋਲੀਬਾਰੀ ਮਾਮਲੇ 'ਚ ਸੀਐਮ ਮਾਨ 'ਤੇ ਸਿੱਧਾ ਹਮਲਾ

ਜਦੋਂ ਮੈਂ IPS ਤੋਂ ਇਸਤੀਫ਼ਾ ਦਿੱਤਾ ਸੀ April 2021. ਮੈਂ ਵੀ ਤੁਹਾਡੀ ਗੱਲ ਤੇ ਵਿਸ਼ਵਾਸ ਕਰ ਲਿਆ ਅਤੇ ਰਾਜਨੀਤੀ ਦਾ ਸ਼ਿਕਾਰ ਹੋ ਗਿਆ। ਅੱਜ SIT ਤੁਹਾਡੀ ਹੈ ਅੱਜ Home Minister ਤੁਸੀਂ ਹੋ। ਗਵਾਹਾਂ ਨੂੰ SIT ਮੁਕਰਾ ਰਹੀ ਹੈ। ਦੁਬਾਰਾ ਓਹਨਾਂ ਦਾ ਬਿਆਨ ਕਰਾਇਆ ਜਾ ਰਿਹਾ ਹੈ, ਦੋਸ਼ੀਆਂ ਨੂੰ ਫਾਇਦਾ ਪਹੁੰਚਾਇਆ ਜਾ ਰਿਹਾ ਹੈ। ਮੈਂ ਨਿੱਜੀ ਵਕੀਲਾਂ ਨੂੰ ਨਾਲ ਲੇ ਕੇ ਅਦਾਲਤਾਂ ਵਿੱਚ ਪੈਰਵਾਈ ਕਰ ਰਿਹਾ ਹਾਂ। ਮੈਨੂੰ ਜਾਣਬੂਝ ਕੇ ਜਲੀਲ ਕੀਤਾ ਜਾ ਰਿਹਾ ਹੈ।

ਦੋਸ਼ੀ ਸਰਕਾਰੀ ਤੰਤਰ ਤੇ ਹਾਵੀ ਹੋ ਗਏ। ਪੰਜਾਬੀਆਂ ਦੇ ਨਾਲ ਧੋਖਾ ਹੋ ਗਿਆ ਜੀ। ਲੇਕਿਨ ਆਖ਼ਿਰੀ ਫੈਸਲਾ ਗੁਰੂ ਗੋਬਿੰਦ ਸਿੰਘ ਜੀ ਦੀ ਅਦਾਲਤ ਵਿੱਚ ਹੋਣਾ ਹੈ। ਮੇਰੀ ਜੰਗ ਜਾਰੀ ਰਹੇਗੀ, ਹਰ ਤਸੱਦਦ ਸਹਿਣ ਲਈ ਤਿਆਰ ਹਾਂ।

ਅਕਤੂਬਰ 2023 ਵਿੱਚ ਕੁੰਵਰ ਵਿਜੇ ਪ੍ਰਤਾਪ ਨੇ ਪੰਜਾਬ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਆਗੂ ਭਗਵੰਤ ਮਾਨ 'ਤੇ ਸਿੱਧਾ ਹਮਲਾ ਕਰਦਿਆਂ ਕਿਹਾ ਸੀ ਕਿ "ਜਦੋਂ ਮੈਂ ਅਪ੍ਰੈਲ 2021 ਵਿੱਚ ਭਾਰਤੀ ਪੁਲਿਸ ਸੇਵਾ ਤੋਂ ਅਸਤੀਫ਼ਾ ਦੇ ਦਿੱਤਾ ਤਾਂ ਮੈਂ ਤੁਹਾਡੇ ਸ਼ਬਦਾਂ 'ਤੇ ਭਰੋਸਾ ਕੀਤਾ ਅਤੇ ਰਾਜਨੀਤੀ ਦਾ ਸ਼ਿਕਾਰ ਹੋ ਗਿਆ।''

''ਅੱਜ, ਐੱਸਆਈਟੀ (ਵਿਸ਼ੇਸ਼ ਜਾਂਚ ਟੀਮ) ਤੁਹਾਡੀ ਹੈ ਅਤੇ ਤੁਸੀਂ ਗ੍ਰਹਿ ਮੰਤਰੀ ਹੋ। ਐੱਸਆਈਟੀ ਗਵਾਹਾਂ ਨੂੰ ਆਪਣੇ ਬਿਆਨਾਂ ਤੋਂ ਮੁੱਕਰਾ ਰਹੀ ਹੈ। ਦੁਬਾਰਾ ਓਨ੍ਹਾਂ ਦਾ ਬਿਆਨ ਕਰਾਇਆ ਜਾ ਰਿਹਾ ਹੈ, ਮੁਲਜ਼ਮਾਂ ਨੂੰ ਫਾਇਦਾ ਪਹੁੰਚਾਇਆ ਜਾ ਰਿਹਾ ਹੈ।''

''ਮੈਂ ਪ੍ਰਾਈਵੇਟ ਵਕੀਲਾਂ ਨਾਲ ਅਦਾਲਤਾਂ ਵਿੱਚ ਲੜ ਰਿਹਾ ਹਾਂ। ਮੈਨੂੰ ਜਾਣਬੁਝ ਕੇ ਜ਼ਲੀਲ ਕੀਤਾ ਜਾ ਰਿਹਾ ਹੈ।''

ਉਨ੍ਹਾਂ ਲਿਖਿਆ ਸੀ, "ਮੇਰੀ ਜੰਗ ਜਾਰੀ ਰਹੇਗੀ, ਮੈਂ ਹਰ ਤਸ਼ੱਦਦ ਸਹਿਣ ਲਈ ਤਿਆਰ ਹਾਂ।"

## ਆਪਣੀ ਹੀ ਸਰਕਾਰ 'ਤੇ ਲਗਾਏ ਫੋਨ ਟੈਪਿੰਗ ਦੇ ਇਲਜ਼ਾਮ

ਕੁੰਵਰ ਵਿਜੇ ਪ੍ਰਤਾਪ ਨੇ ਆਪਣਾ ਤੇ ਆਪਣੇ ਸਾਥੀਆਂ ਦਾ ਕਥਿਤ ਫ਼ੋਨ ਟੈਪ ਹੋਣ ਦਾ ਮੁੱਦਾ ਵੀ ਚੁੱਕਿਆ।

ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਸਰਾਵਾਂ ਵਿਖੇ ਬਹਿਬਲ ਕਲਾਂ ਗੋਲੀ ਕਾਂਡ ਦੀ 9ਵੀਂ ਬਰਸੀ ਮੌਕੇ ਹੋਏ ਇਕੱਠ ਨੂੰ ਸੰਬੋਧਨ ਕਰਦੇ ਹੋਏ ਦਾਅਵਾ ਕੀਤਾ ਕਿ ਉਨ੍ਹਾਂ ਤੇ ਉਨ੍ਹਾਂ ਦੇ ਸਾਥੀਆਂ ਦੀ, ਉਨ੍ਹਾਂ ਦੀ ਆਪਣੀ ਸਰਕਾਰ ਵਿੱਚ ਹੀ ਫੋਨ ਟੈਪਿੰਗ ਕੀਤੀ ਗਈ ਸੀ।

ਉਨ੍ਹਾਂ ਕਿਹਾ, ''ਮੈਂ ਪੰਜਾਬ ਅਸੈਂਬਲੀ 'ਚ ਬੇਅਦਬੀ ਦੇ ਮੁੱਦੇ 'ਤੇ ਬਹਿਸ ਦੀ ਮੰਗ ਕੀਤੀ ਸੀ। ਕੁਝ ਦਿਨਾਂ ਬਾਅਦ ਮੈਨੂੰ ਪਤਾ ਲੱਗਾ ਕਿ ਮੇਰੇ ਅਤੇ ਮੇਰੇ ਸਾਥੀਆਂ ਦੇ ਫੋਨ ਟੈਪ ਕੀਤੇ ਜਾ ਰਹੇ ਸਨ। ਇਹ ਮੇਰੀ ਆਪਣੀ ਸਰਕਾਰ ਸੀ। ਮੈਂ ਬਰਗਾੜੀ ਅਤੇ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਖੇ ਪੁਲਿਸ ਗੋਲੀਬਾਰੀ ਦਾ ਮੁੱਦਾ ਉਠਾਇਆ। ਉਨ੍ਹਾਂ ਨੇ ਮੇਰੇ ਫ਼ੋਨ ਟੈਪ ਕਰਨੇ ਸ਼ੁਰੂ ਕਰ ਦਿੱਤੇ।"

ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਕਿਹਾ ਕਿ ਉਨ੍ਹਾਂ ਕੋਲ ਫੋਨ ਟੈਪਿੰਗ ਦੇ ਸਬੂਤ ਸਨ ਅਤੇ ਬਾਅਦ ਵਿੱਚ ਜਦੋਂ ਉਨ੍ਹਾਂ ਨੇ ਅਧਿਕਾਰੀਆਂ ਕੋਲ ਟੈਪਿੰਗ ਦਾ ਮਾਮਲਾ ਚੁੱਕਿਆ ਤਾਂ ਇੱਕ ਐਸਪੀ ਇੰਟੈਲੀਜੈਂਸ ਦਾ ਤਬਾਦਲਾ ਕਰ ਦਿੱਤਾ ਗਿਆ।

ਉਨ੍ਹਾਂ ਕਿਹਾ, "ਇਸ ਲਈ ਮੈਂ ਤੁਹਾਨੂੰ ਦੱਸ ਰਿਹਾ ਹਾਂ ਕਿ ਜਦੋਂ ਮੈਂ ਇਸ ਮੁੱਦੇ ਬਾਰੇ ਗੱਲ ਕਰਦਾ ਹਾਂ, ਤਾਂ ਮੈਨੂੰ ਆਪਣੀ ਸਰਕਾਰ ਵਿੱਚ ਹੀ ਜ਼ੁਲਮ ਦਾ ਸਾਹਮਣਾ ਕਰਨਾ ਪੈਂਦਾ ਹੈ।"

## ਐਡਵੋਕੇਟ ਜਨਰਲ ਦੀ ਨਿਯੁਕਤੀ ਦਾ ਵੀ ਵਿਰੋਧ ਕੀਤਾ ਸੀ

ਕੁੰਵਰ ਵਿਜੇ ਪ੍ਰਤਾਪ ਵੱਲੋਂ ਐਡਵੋਕੇਟ ਜਨਰਲ ਦੀ ਨਿਯੁਕਤੀ ਦਾ ਵੀ ਵਿਰੋਧ ਕੀਤਾ ਗਿਆ ਸੀ।

ਉਨ੍ਹਾਂ ਆਮ ਆਦਮੀ ਪਾਰਟੀ ਵੱਲੋਂ ਨਿਯੁਕਤ ਕੀਤੇ ਦੋ ਐਡਵੋਕੇਟ ਜਨਰਲਾਂ- ਸੀਨੀਅਰ ਐਡਵੋਕੇਟ ਵਿਨੋਦ ਘਈ ਅਤੇ ਸੀਨੀਅਰ ਐਡਵੋਕੇਟ ਗੁਰਮਿੰਦਰ ਸਿੰਘ ਦੀ ਨਿਯੁਕਤੀ ਦਾ ਵੀ ਵਿਰੋਧ ਕੀਤਾ ਸੀ ਕਿਉਂਕਿ ਇਹਨਾਂ ਸੀਨੀਅਰ ਵਕੀਲਾਂ ਨੇ ਅਦਾਲਤਾਂ ਵਿੱਚ ਕੋਟਕਪੂਰਾ-ਬਹਿਬਲ ਕਲਾਂ ਗੋਲੀਕਾਂਡ ਦੇ ਮੁਲਜ਼ਮਾਂ ਦੀ ਨੁਮਾਇੰਦਗੀ ਕੀਤੀ ਸੀ

ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਬੀਬੀਸੀ ਪੰਜਾਬੀ ਨੂੰ ਦੱਸਿਆ ਸੀ ਕਿ "ਮੈਂ ਏਜੀ ਗੁਰਮਿੰਦਰ ਸਿੰਘ ਦੀ ਸਿਆਣਪ, ਭਰੋਸੇਯੋਗਤਾ ਅਤੇ ਸਮਰੱਥਾ ਦਾ ਸਨਮਾਨ ਕਰਦਾ ਹਾਂ। ਉਂਝ, ਕੁਦਰਤੀ ਨਿਆਂ ਦੇ ਸਿਧਾਂਤਾਂ ਨੂੰ ਮੁੱਖ ਰੱਖਦਿਆਂ ਬਰਗਾੜੀ, ਕੋਟਕਪੂਰਾ ਅਤੇ ਬਹਿਬਲ ਕਲਾਂ ਕੇਸਾਂ ਦੇ ਕਿਸੇ ਮੁਲਜ਼ਮ ਦੇ ਵਕੀਲ ਵਜੋਂ ਰਹਿ ਚੁੱਕੇ ਵਿਅਕਤੀ ਨੂੰ ਨਿਯੁਕਤ ਕਰਨਾ ਜਾਇਜ਼ ਨਹੀਂ ਹੈ।"

ਉਨ੍ਹਾਂ ਅੱਗੇ ਕਿਹਾ, "ਜਦੋਂ ਉਹ ਕਿਸੇ ਮੁਲਜ਼ਮ ਲਈ ਪੇਸ਼ ਹੋਇਆ ਹੈ, ਤਾਂ ਉਹ ਉਸੇ ਮਾਮਲੇ ਵਿੱਚ ਰਾਜ ਵੱਲੋਂ ਪੇਸ਼ ਨਹੀਂ ਹੋ ਸਕਦਾ। ਇਹ ਕੇਸ ਰਾਜ ਦੇ ਨਜ਼ਰੀਏ ਤੋਂ ਅਤੇ ਆਮ ਤੌਰ 'ਤੇ ਪੰਜਾਬ ਦੇ ਲੋਕਾਂ ਦੇ ਨਜ਼ਰੀਏ ਤੋਂ ਸਭ ਤੋਂ ਮਹੱਤਵਪੂਰਨ ਅਤੇ ਸੰਵੇਦਨਸ਼ੀਲ ਹਨ।"

## ਅੰਮ੍ਰਿਤਸਰ ਦੇ ਸਕੂਲ ਆਫ ਐਮੀਨੈਂਸ 'ਤੇ ਸਵਾਲ ਚੁੱਕੇ

ਸਤੰਬਰ 2023 ਵਿੱਚ ਆਮ ਆਦਮੀ ਪਾਰਟੀ ਹੱਕੀ ਬੱਕੀ ਰਹਿ ਗਈ ਜਦੋ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਸਵਾਲ ਕੀਤਾ ਸੀ ਕਿ 'ਆਪ' ਸਰਕਾਰ ਦੁਆਰਾ ਚੰਗੇ ਨਤੀਜੇ ਵਾਲੇ ਸਕੂਲ ਨੂੰ "ਸਕੂਲ ਆਫ ਐਮੀਨੈਂਸ" ਵਿੱਚ ਕਿਵੇਂ ਬਦਲ ਦਿੱਤਾ ਗਿਆ ਹੈ।

ਉਨ੍ਹਾਂ ਸਾਬਕਾ ਕੈਬਨਿਟ ਮੰਤਰੀ ਡਾ. ਇੰਦਰਬੀਰ ਸਿੰਘ ਨਿੱਝਰ ਦੀ ਸਕੂਲ ਬਾਰੇ ਫੇਸਬੁੱਕ ਪੋਸਟ 'ਤੇ ਟਿੱਪਣੀ ਕਰਦਿਆਂ ਕਿਹਾ ਸੀ,"ਡਾ. ਸਾਹਿਬ, ਤੁਹਾਨੂੰ ਵੀ ਬਹੁਤ-ਬਹੁਤ ਵਧਾਈਆਂ। ਕਿਰਪਾ ਕਰਕੇ ਮੈਨੂੰ ਇਹ ਸਕੂਲ ਵੀ ਦਿਖਾਓ, ਜੇਕਰ ਇਹ ਨਵਾਂ ਸਕੂਲ ਹੈ। ਜਿੱਥੋਂ ਤੱਕ ਮੈਨੂੰ ਪਤਾ ਹੈ, ਇਹ ਪਹਿਲਾਂ ਹੀ ਸਭ ਤੋਂ ਵਧੀਆ ਸਕੂਲਾਂ ਵਿੱਚੋਂ ਇੱਕ ਹੈ। ਪਿਛਲੀਆਂ ਸਰਕਾਰਾਂ ਨੇ ਇਸ ਸਕੂਲ ਨੂੰ ਸਮਾਰਟ ਸਕੂਲ ਬਣਾ ਦਿੱਤਾ ਸੀ।"

## ਸੁਸ਼ੀਲ ਰਿੰਕੂ ਦੇ ਭਾਜਪਾ 'ਚ ਜਾਣ ਵੇਲੇ 'ਆਪ' 'ਤੇ ਤੰਜ

ਜਦੋਂ ਮਾਰਚ 2024 ਵਿੱਚ ਜਲੰਧਰ ਤੋਂ ਆਗੂ ਸੁਸ਼ੀਲ ਰਿੰਕੂ ਭਾਜਪਾ 'ਚ ਸ਼ਾਮਲ ਹੋਏ ਤਾਂ ਕੁੰਵਰ ਵਿਜੇ ਪ੍ਰਤਾਪ ਨੇ ਇਸ ਨੂੰ ਲੈ ਕੇ ਆਪਣੀ ਹੀ ਪਾਰਟੀ 'ਤੇ ਤੰਜ ਕੱਸਿਆ ਸੀ।

ਉਨ੍ਹਾਂ ਆਪਣੇ ਸੋਸ਼ਲ ਮੀਡੀਆ 'ਤੇ ਦੋ ਤਸਵੀਰਾਂ ਸਾਂਝੀਆਂ ਕੀਤੀ, ਇੱਕ ਜਦੋਂ ਰਿੰਕੂ 'ਆਪ' 'ਚ ਸ਼ਾਮਲ ਹੋਏ ਤੇ ਦੂਜੀ ਜਦੋਂ ਉਹ ਭਾਜਪਾ 'ਚ ਸ਼ਾਮਲ ਹੋਏ।

ਨਾਲ ਕੁੰਵਰ ਨੇ ਲਿਖਿਆ, ''ਕਿਆ ਸੇ ਕਿਆ ਹੋ ਗਿਆ, ਦੇਖਤੇ ਦੇਖਤੇ।''

ਉਨ੍ਹਾਂ ਅੱਗੇ ਲਿਖਿਆ ਸੀ, ਆਖਿਰ ਕਿਤੇ ਨਾ ਕਿਤੇ ਕੋਈ ਚੂਕ ਹੋ ਗਈ ਹੈ! ਆਪਣਿਆਂ ਤੋਂ ਦੂਰੀ ਤੇ ਧੋਖਾ ਅਤੇ ਬੇਗਾਨਿਆਂ ਨੂੰ ਗਲੇ ਲਗਾਉਣਾ, ਇਹ ਕਿਹੜੀ ਰਾਜਨੀਤੀ ਹੈ?

ਸੰਕਟ ਦੀ ਇਸ ਘੜੀ ਵਿੱਚ ਕੋਈ ਤੁਹਾਨੂੰ ਛੱਡ ਕੇ ਪਾਰਟੀ ਬਦਲ ਰਿਹਾ ਹੈ, ਕੋਈ ਜਸ਼ਨ ਮਨਾ ਰਿਹਾ ਹੈ ਅਤੇ ਕੋਈ ਇਲਾਜ ਦੇ ਬਹਾਨੇ ਵਿਦੇਸ਼ ਚਲਾ ਗਿਆ ਹੈ।''

## ਕੌਣ ਹਨ ਕੁੰਵਰ ਵਿਜੇ ਪ੍ਰਤਾਪ ਸਿੰਘ

ਕੁੰਵਰ ਵਿਜੇ ਪ੍ਰਤਾਪ ਸਿੰਘ ਪੰਜਾਬ ਪੁਲਿਸ ਦੇ 1998 ਬੈਚ ਦੇ ਆਈਪੀਐੱਸ ਅਧਿਕਾਰੀ ਰਹੇ ਹਨ।

ਉਨ੍ਹਾਂ ਕੋਟਕਪੂਰਾ ਗੋਲੀਬਾਰੀ ਮਾਮਲੇ ਵਿੱਚ ਕੀਤੀ ਜਾਂਚ ਤੋਂ ਬਾਅਦ ਪੁਲਿਸ ਦੇ ਇੰਸਪੈਕਟਰ ਜਨਰਲ (ਆਈਜੀਪੀ) ਦੀ ਨੌਕਰੀ ਛੱਡ ਦਿੱਤੀ ਸੀ।

ਕੁੰਵਰ ਵਿਜੇ ਪ੍ਰਤਾਪ ਸਿੰਘ ਜੂਨ 2021 ਵਿੱਚ ਅੰਮ੍ਰਿਤਸਰ ਵਿੱਚ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਮੌਜੂਦਗੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।

ਉਨ੍ਹਾਂ ਨੇ ਅੰਮ੍ਰਿਤਸਰ ਉੱਤਰੀ ਸੀਟ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਅਨਿਲ ਜੋਸ਼ੀ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ ਸੀ।

ਫਿਲਹਾਲ ਉਨ੍ਹਾਂ ਨੂੰ ਪਾਰਟੀ ਤੋਂ 5 ਸਾਲ ਲਈ ਮੁਅੱਤਲ ਕਰ ਦਿੱਤਾ ਗਿਆ ਹੈ।

ਸਾਡਾ ਮਕਸਦ ਕੇਵਲ ਖਬਰਾਂ ਲਾਉਣਾ ਨਹੀ, ਅਛੂਤਾਂ ਨੂੰ ਆਮ ਮਨੁੱਖ ਬਣਾ ਬਰਾਬਰ ਕਰਨ ਵਾਲੇ ਰਹਿਬਰ ਦੀ ਵਿਚਾਰ ਧਾਰਾ ਨੂੰ ਅੱਗੇ ਵਧਾਉਣਾ ਹੈ


# ਬਸਪਾ ਜ਼ਿਲ੍ਹਾ ਲੁਧਿਆਣਾ ਦੀ ਇੱਕ ਮੀਟਿੰਗ ਹਲਕਾ ਸੈਂਟਰਲ ਦੀ ਬੁਲਾਈ ਗਈ

"Equality and justice"
Patiala 30 June
INTERNATIONAL PAPER, 94636 01616
hardipchumber57@gmail.com





ਲੁਧਿਆਣਾ (ਚਰਨਜੀਤ ਸੱਲ੍ਹਾਂ )ਅੱਜ ਬਹੁਜਨ ਸਮਾਜ ਪਾਰਟੀ ਜਿਲਾ ਲੁਧਿਆਣਾ ਦੀ ਇੱਕ ਵਿਸ਼ੇਸ਼ ਮੀਟਿੰਗ ਵਿਧਾਨ ਸਭਾ ਹਲਕਾ ਸੈਂਟਰਲ ਵਿੱਚ ਬੁਲਾਈ ਗਈ ਇਸ ਮੀਟਿੰਗ ਵਿੱਚ ਪਾਰਟੀ ਹਾਈ ਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਰੀਆਂ ਵਿਧਾਨ ਸੰਭਾਵਾਂ ਦੀ ਸਮੁੱਚੀ ਲੀਡਰਸ਼ਿਪ ਨੂੰ ਸੈਕਟਰ ਕਮੇਟੀਆਂ ਬਣਾਉਣ ਲਈ ਦੇਸ਼ਾਂ ਨਿਰਦੇਸ਼ ਦਿੱਤੇ ਗਏ ਅੱਗ ਵਿਧਾਨ ਸਭਾ ਦੇ ਲੀਡਰ ਸਾਹਿਬਾਨਾਂ ਨੂੰ ਤਕੜੇ ਹੋ ਕੇ 2027 ਦੇ ਮਿਸ਼ਨ ਨੂੰ ਪੂਰਾ ਕਰਨ ਲਈ ਤਨਦੇਹੀ ਨਾਲ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ ਇਸ ਮੀਟਿੰਗ ਦੇ ਮੁੱਖ ਮਹਿਮਾਨ ਸੂਬਾ ਜਨਰਲ ਸਕੱਤਰ ਜੋਨ ਇੰਚਾਰਜ ਸ੍ਰੀ ਬਲਵਿੰਦਰ ਸਿੰਘ ਬਿੱਟਾ ਜੀ ਅਤੇ ਸੂਬਾ ਜਨਰਲ ਸਕੱਤਰ ਜੋਨ ਇੰਚਾਰਜ ਸ੍ਰੀ ਪ੍ਰਵੀਨ ਬੰਗਾ ਜੀ ਪਹੁੰਚੇ ਅੱਜ ਦੀ ਇਹ ਮੀਟਿੰਗ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਜੱਸੀ ਦੀ ਅਗਵਾਈ ਹੇਠ ਹੋਈ ਮੀਟਿੰਗ ਦੀ ਕਾਰਵਾਈ ਜ਼ਿਲਾ ਜਨਰਲ ਸੈਕਟਰੀ ਸੁਰੇਸ਼ ਕੁਮਾਰ ਸੋਨੂ ਜੀ ਵੱਲੋਂ ਚਲਾਈ ਗਈ ਇਸ ਮੌਕੇ ਤੇ ਜਿਲ੍ਹਾ ਵਾਈਸ ਪ੍ਰਧਾਨ ਮਾਸਟਰ ਰਾਜ ਕੁਮਾਰ ਜੀ ਜ਼ਿਲਾ ਮੀਡੀਆ ਇੰਚਾਰਜ ਬਿੱਟੂ ਸ਼ੇਰਪੁਰੀ ਜੀ ਜਿਲਾ ਕੈਸ਼ੀਅਰ ਸ੍ਰੀ ਅੰਦੇਸ਼ ਤੋਮਰ ਜੀ ਜਿਲਾ ਕੋਆਰਡੀਨੇਟਰ ਸ੍ਰੀ ਬਲਵਿੰਦਰ ਕੁਮਾਰ ਕੋਚ ਜੀਂ ਲੇਡੀਜ਼ ਇੰਚਾਰਜ ਭੈਣ ਮੈਨੂੰ ਧੀਰ ਜੀ ਹਲਕਾ ਸੈਂਟਰਲ ਦੇ ਪ੍ਰਧਾਨ ਸ੍ਰੀ ਕਪਿਲ ਕੁਮਾਰ ਜੀ ਹਲਕਾ ਪੂਰਵੀ ਦੇ ਪ੍ਰਧਾਨ ਸ੍ਰੀ ਰਜਿੰਦਰ ਰਿੰਕਾ ਜੀ ਹਲਕਾ ਉੱਤਰੀ ਦੇ ਜਨਰਲ ਸੈਕਟਰੀ ਸ੍ਰੀ ਬਲਦੇਵ ਮਲ ਜੀ ਹਲਕਾ ਦੱਖਣੀ ਦੇ ਜਨਰਲ ਸੈਕਟਰੀ ਹਾਰਫੂਲ ਬੋਧ ਜੀ ਹਲਕਾ ਸੈਂਟਰਲ ਦੇ ਵਾਈਸ ਪ੍ਰਧਾਨ ਕੁਲਦੀਪ ਸੰਪਲਾ ਜੀ ਹਲਕਾ ਸੈਂਟਰਲ ਦੇ ਸੈਕਟਰੀ ਰਜਿੰਦਰ ਕੁਮਾਰ ਜੀ ਕੈਸ਼ੀਅਰ ਰਵੀ ਬੋਧ ਜੀ ਅਤੇ ਹੋਰ ਬਹੁਤ ਸਾਰੇ ਸਾਥੀ ਹਾਜ਼ਰ ਹੋਏ ਸਨ "ਬਾਬਾ ਸਾਹਿਬ ਜੀ ਤੁਹਾਡਾ ਮਿਸ਼ਨ ਅਧੂਰਾ ਰਲ ਮਿਲ ਕੇ ਅਸੀਂ ਕਰਾਂਗੇ ਪੂਰਾ"

# ਰੋਟਰੀ ਕਲੱਬ ਬੰਗਾ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਰੀਜ਼ਾਂ ਲਈ ਅੰਨਪੂਰਨਾ ਦਿਵਸ ਨੂੰ ਸਮਰਪਿਤ ਦੋ ਦਿਨ ਦੀ ਲੰਗਰ ਸੇਵਾ

"Equality and justice"
Patiala 30 June
INTERNATIONAL PAPER, 94636 01616
hardipchumber57@gmail.com




ਫੋਟੋ ਕੈਪਸ਼ਨ : ਹਸਪਤਾਲ ਢਾਹਾਂ ਕਲੇਰਾਂ ਵਿਖੇ ਰੋਟਰੀ ਕਲੱਬ ਬੰਗਾ ਵੱਲੋਂ ਹਸਪਤਾਲ ਵਿਚ ਦਾਖਲ ਮਰੀਜ਼ਾਂ ਅਤੇ ਉਹਨਾਂ ਦੇ ਸਹਾਇਕਾਂ ਲਈ ਅੰਨਪੂਰਨਾ ਦਿਵਸ ਨੂੰ ਸਮਰਪਿਤ ਦੋ ਦਿਨ ਦੀ ਲੰਗਰ ਆਰੰਭ ਕਰਨ ਮੌਕੇ ਦੀ ਤਸਵੀਰ

ਬੰਗਾ 30 ਜੂਨ (ਚਰਨਜੀਤ ਸੱਲ੍ਹਾਂ) ਅੱਜ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਰੋਟਰੀ ਕਲੱਬ ਬੰਗਾ ਦੇ ਮੌਜੂਦਾ ਪ੍ਰਧਾਨ ਸੁਰਿੰਦਰਪਾਲ ਖੇਪੜ ਅਤੇ ਨਵੇਂ ਪ੍ਰਧਾਨ ਪ੍ਰਵੀਨ ਕੁਮਾਰ ਦੀ ਅਗਵਾਈ ਹੇਠ ਸਮੂਹ ਰੋਟੇਰੀਅਨ ਮੈਂਬਰਾਂ ਅਤੇ ਅਹੁਦੇਦਾਰਾਂ ਵੱਲੋਂ ਹਸਪਤਾਲ ਵਿਚ ਦਾਖਲ ਮਰੀਜ਼ਾਂ ਅਤੇ ਉਹਨਾਂ ਦੇ ਸਹਾਇਕਾਂ ਲਈ ਅੰਨਪੂਰਨਾ ਦਿਵਸ ਨੂੰ ਸਮਰਪਿਤ ਦੋ ਦਿਨ ਦੀ ਲੰਗਰ ਸੇਵਾ ਕੀਤੀ ਗਈ । ਇਸ ਸ਼ੁਭ ਕਾਰਜ ਦਾ ਆਰੰਭ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਕੀਤਾ । ਉਹਨਾਂ ਨੇ ਰੋਟਰੀ ਕਲੱਬ ਬੰਗਾ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਭਾਰੀ ਸ਼ਲਾਘਾ ਕੀਤੀ ਅਤੇ ਹਸਪਤਾਲ ਢਾਹਾਂ ਕਲੇਰਾਂ ਦੇ ਮਰੀਜ਼ਾਂ ਲਈ ਦੋ ਦਿਨ ਦੇ ਲੰਗਰ ਦੀ ਸੇਵਾ ਕਰਨ ਲਈ ਹਾਰਦਿਕ ਧੰਨਵਾਦ ਕੀਤਾ । ਇਸ ਮੌਕੇ ਰੋਟਰੀ ਕਲੱਬ ਬੰਗਾ ਦੇ ਮੌਜੂਦਾ ਪ੍ਰਧਾਨ ਸੁਰਿੰਦਰਪਾਲ ਖੇਪੜ ਅਤੇ ਨਵੇਂ ਪ੍ਰਧਾਨ ਪ੍ਰਵੀਨ ਕੁਮਾਰ ਨੇ ਆਪਣੇ ਰੋਟੇਰੀਅਨ ਮੈਂਬਰਾਂ ਨਾਲ ਹਸਪਤਾਲ ਵਿਚ ਦਾਖਲ ਮਰੀਜ਼ਾਂ ਅਤੇ ਉਹਨਾਂ ਦੇ ਸਹਾਇਕਾਂ ਨੂੰ ਲੰਗਰ ਵਰਤਾਇਆ । ਲੰਗਰ ਸੇਵਾ ਮੌਕੇ ਸ਼ਰਨਜੀਤ ਸਿੰਘ ਸੈਕਟਰੀ ਰੋਟਰੀ ਕਲੱਬ, ਪ੍ਰੋਜੈਕਟ ਡਾਇਰੈਕਟਰ ਇਕਬਾਲ ਸਿੰਘ ਬਾਜਵਾ, ਰਾਜ ਬਾਜੜ ਅਸਿਸਟੈਂਟ ਗਵਰਨਰ, ਪ੍ਰਿੰਸੀਪਲ ਗੁਰਜੰਟ ਸਿੰਘ ਸਾਬਕਾ ਪ੍ਰਧਾਨ, ਰਾਜ ਕੁਮਾਰ ਭੰਮਰਾ, ਭੁਪਿੰਦਰ ਕੁਮਾਰ ਝਿੱਕਾ, ਐਡਵੋਕੇਟ ਅਨਿਲ ਕਟਾਰੀਆ, ਅਮਨਦੀਪ ਘਈ, ਪਰਮਜੀਤ ਸਿੰਘ ਭੋਗਲ, ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਉਮ ਬਹਾਦਰ ਵਿਸ਼ਵਕਰਮਾ ਅਤੇ ਹੋਰ ਪਤਵੰਤੇ ਹਾਜ਼ਰ ਸਨ ।

# ਡੀਐਸਪੀ ਹਰਵਿੰਦਰ ਸਿੰਘ ਖੈਰਾ ਨੂੰ 'ਪ੍ਰਾਈਡ ਆਫ ਆਨਰ' ਨਾਲ ਕੀਤਾ ਸਨਮਾਨਿਤ

"Equality and justice"
Patiala 30 June
INTERNATIONAL PAPER, 94636 01616
hardipchumber57@gmail.com



ਸੁਨਾਮ ਊਧਮ ਸਿੰਘ ਵਾਲਾ, 30 ਜੂਨ (ਜਗਸੀਰ ਲੌਂਗੋਵਾਲ) – ਸੁਨਾਮ ਦੇ ਡੀਐਸਪੀ ਸ.ਹਰਵਿੰਦਰ ਸਿੰਘ ਖੈਰਾ ਵੱਲੋਂ ਧੂਰੀ ਵਿੱਚ ਇਕ ਪ੍ਰਦਰਸ਼ਨਕਾਰੀ ਅਧਿਆਪਕ ਦੀ ਜਾਨ ਬਚਾਉਣ ਲਈ ਕੀਤੇ ਗਏ ਬਹਾਦੁਰੀ ਭਰੇ ਕਦਮ ਦੀ ਹਰ ਪਾਸੇ ਸ਼ਲਾਘਾ ਹੋ ਰਹੀ ਹੈ। ਘਟਨਾ ਤਦ ਦੀ ਹੈ ਜਦ ਇੱਕ ਅਧਿਆਪਕ ਨੇ ਰੋਸ ਵਜੋਂ ਨਹਿਰ ਵਿੱਚ ਛਾਲ ਮਾਰ ਦਿੱਤੀ। ਡੀਐਸਪੀ ਖੈਰਾ ਨੇ ਆਪਣੀ ਜ਼ਿੰਦਗੀ ਦੀ ਪਰਵਾਹ ਨਾ ਕਰਦਿਆਂ ਨਹਿਰ ਵਿੱਚ ਛਾਲ ਮਾਰ ਕੇ ਉਸ ਅਧਿਆਪਕ ਦੀ ਜਾਨ ਬਚਾਈ। ਉਨ੍ਹਾਂ ਦੀ ਇਸ ਵਿਰਲੀ ਬਹਾਦੁਰੀ ਅਤੇ ਫਰਜ ਨਿਭਾਉਣ ਦੀ ਭਾਵਨਾ ਦੇ ਮੱਦੇਨਜ਼ਰ ਰੋਟਰੀ ਕਲੱਬ ਸੁਨਾਮ ਗ੍ਰੀਨ ਵੱਲੋਂ ਕਲੱਬ ਪ੍ਰਧਾਨ ਸੰਦੀਪ ਗਰਗ ਦੀ ਅਗਵਾਈ ਵਿੱਚ ਡੀਐਸਪੀ ਦਫਤਰ ਪਹੁੰਚ ਕੇ ਉਨ੍ਹਾਂ ਨੂੰ 'ਪ੍ਰਾਈਡ ਆਫ ਆਨਰ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਮੀਡੀਆ ਨਾਲ ਗੱਲਬਾਤ ਕਰਦਿਆਂ ਕਲੱਬ ਦੇ ਪ੍ਰਧਾਨ ਸੰਦੀਪ ਗਰਗ ਨੇ ਕਿਹਾ, "ਡੀਐਸਪੀ ਖੈਰਾ ਦਾ ਇਹ ਕੰਮ ਪੁਲਿਸ ਵਰਦੀ ਦੀ ਇਜ਼ਤ ਅਤੇ ਗਰਿਮਾ ਨੂੰ ਹੋਰ ਵਧਾਉਂਦਾ ਹੈ। ਉਨ੍ਹਾਂ ਦੀ ਇਹ ਬਹਾਦੁਰੀ ਅੱਜ ਦੇ ਨੌਜਵਾਨਾਂ ਲਈ ਪ੍ਰੇਰਨਾ ਦਾ ਸਰੋਤ ਹੈ। ਇਸ ਮੌਕੇ ਕਲੱਬ ਦੇ ਹੋਰ ਮੈਂਬਰਾਂ ਸਮੇਤ ਆਈ ਪੀ ਪੀ ਪੁਨੀਤ ਮਿੱਤਲ, ਜਨਰਲ ਸਕੱਤਰ ਗੌਰਵ ਕਾਂਸਲ, ਖਜ਼ਾਨਚੀ ਮਨੋਜ ਬਾਂਸਲ ਅਤੇ ਕਲੱਬ ਦੇ ਮੁੱਖ ਸਲਾਹਕਾਰ ਆਰ. ਐਨ. ਕਾਂਸਲ ਵੀ ਹਾਜ਼ਰ ਸਨ।

# ਮਗਨਰੇਗਾ ਮਜ਼ਦੂਰਾਂ ਦੀ ਕਨਵੈਨਸ਼ਨ 6 ਜੁਲਾਈ ਨੂੰ, ਜਲੰਧਰ ਵਿਖੇ

"Equality and justice"
Patiala 30 June
INTERNATIONAL PAPER, 94636 01616
hardipchumber57@gmail.com



ਬੰਗਾ (ਚਰਨਜੀਤ ਸੱਲ੍ਹਾਂ ) ਮਗਨਰੇਗਾ ਵਰਕਰਜ ਯੂਨੀਅਨ ਪੰਜਾਬ ਦੇ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਨੂਰਪੁਰ ਇਕਾਈ ਦੀ ਮੀਟਿੰਗ ਸ੍ਰੀਮਤੀ ਬਲਜੀਤ ਕੌਰ ਅਤੇ ਸੁਰਜੀਤ ਕੁਮਾਰ ਦੀ ਪ੍ਰਧਾਨਗੀ ਹੇਠ ਕਰਵਾਈ ਗਈ I ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਜ਼ਿਲ੍ਹਾ ਪ੍ਰਧਾਨ ਹਰਪਾਲ ਸਿੰਘ ਜਗਤਪੁਰ ਅਤੇ ਸ੍ਰੀ ਮੋਹਨ ਸਿੰਘ ਪੁਨੀਆਂ ਸ਼ਾਮਲ ਹੋਏ Iਇਸ ਮੌਕੇ ਬੁਲਾਰਿਆਂ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਸਰਕਾਰ ਤੋਂ ਮੰਗ ਕੀਤੀ ਕਿ ਮਗਨਰੇਗਾ ਵਰਕਰਾਂ ਨੂੰ 700/- ਪ੍ਰਤੀ ਦਿਨ ਦੀ ਦਰ ਨਾਲ ਉਜਰਤਾਂ ਦਿੱਤੀਆਂ ਜਾਣIਮਗਨਰੇਗਾ ਮਜ਼ਦੂਰਾਂ ਦਾ ਬੀਮਾ ਕੀਤਾ ਜਾਵੇI ਮਜ਼ਦੂਰਾਂ ਨੂੰ ਦਿਹਾਤੀ ਖੇਤਰ ਵਿੱਚ ਪੰਜ - ਪੰਜ ਮਰਲੇ ਦੇ ਪਲਾਟ ਮੁਫ਼ਤ ਦਿੱਤੇ ਜਾਣ Iਮਜ਼ਦੂਰਾਂ ਦੇ ਪਰਿਵਾਰਾਂ ਨੂੰ ਮੁਫ਼ਤ ਤੇ ਮਿਆਰੀ ਸਿਹਤ ਸਹੂਲਤਾਂ ਅਤੇ ਸਿੱਖਿਆ ਦਾ ਪ੍ਰਬੰਧ ਕੀਤਾ ਜਾਵੇ I ਮਜ਼ਦੂਰਾਂ ਨੂੰ ਸਾਰਾ ਸਾਲ ਕੰਮ ਕੰਮ ਦਿੱਤਾ ਜਾਵੇI ਮਜ਼ਦੂਰਾਂ ਦੇ ਹਰੇਕ ਕਿਸਮ ਦੇ ਸ਼ੋਸ਼ਣ ਰੋਕਣ ਲਈ ਸੰਜੀਦਾ ਯਤਨ ਕੀਤੇ ਜਾਣ I ਹਰੇਕ ਕਿਸਮ ਦੀ ਰਾਜਸੀ ਦਖਲ ਅੰਦਾਜੀ ਬੰਦ ਕੀਤੀ ਜਾਵੇI ਮਜ਼ਦੂਰਾਂ ਦੇ ਸਹਿਕਾਰੀ ਬੈਂਕਾਂ ਤੇ ਕੋ - ਅਪਰੇਟਿਵ ਬੈਂਕਾਂ ਦੇ ਕਰਜ਼ੇ ਮੁਆਫ਼ ਕੀਤੇ ਜਾਣ। ਮਜ਼ਦੂਰਾਂ ਨੂੰ ਬੈਂਕਾਂ ਵੱਲੋਂ ਭੇਜੇ ਗਏ ਕਰਜ਼ਾ ਨੋਟਿਸਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਅਤੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਦਿਹਾਤੀ ਮਜ਼ਦੂਰਾਂ ਦੇ ਕਰਜ਼ੇ ਤੁਰੰਤ ਮੁਆਫ਼ ਕੀਤੇ ਜਾਣ। ਇਸ ਮੌਕੇ ਤੇ ਕੇਂਦਰ ਸਰਕਾਰ ਵੱਲੋਂ ਭਾਰਤ ਦੇ ਸੰਵਿਧਾਨ ਦੇ ਪ੍ਰਮੁੱਖ ਉਦੇਸ਼ਾਂ ਨੂੰ ਜਬਰੀ ਹਟਾਉਣ ਦੀ ਵੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਤੇ ਇਸ ਨੂੰ ਸੰਵਿਧਾਨ ਉੱਤੇ ਕੋਝਾ ਹਮਲਾ ਮੰਨਦਿਆਂ ਦੇਸ਼ ਪੱਧਰੀ ਵਿਰੋਧ ਕਰਨ ਦਾ ਹੋਕਾ ਦਿੱਤਾ ਗਿਆI ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰੀਮਤੀ ਮੀਨਾ ਕੁਮਾਰੀ, ਸ੍ਰੀਮਤੀ ਨੇਹਾ,ਸ੍ਰੀ ਮਹਿੰਦਰ ਪਾਲ, ਸ੍ਰੀ ਨਿੰਦਰ ਪਾਲ,ਸ੍ਰੀ ਦੇਸ ਰਾਜ, ਸ੍ਰੀ, ਅਸ਼ਨੀ ਕੁਮਾਰ,ਸ੍ਰੀ ਅਮਰਜੀਤ, ਸ੍ਰੀਮਤੀ ਮਨਦੀਪ ਕੌਰ, ਸ੍ਰੀ ਬਿੱਕਰ ਰਾਮ,ਸ੍ਰੀ ਨਿਰਮਲ ਰਾਮ, ਸ੍ਰੀ ਜੀਤ ਰਾਮ, ਸ੍ਰੀਮਤੀ ਮਿੰਦੋ, ਸ੍ਰੀਮਤੀ ਕੁਲਵਿੰਦਰ ਕੌਰ ਹਾਜ਼ਰ ਸਨIਇਸ ਮੀਟਿੰਗ ਨੂੰ ਜ਼ਿਲ੍ਹਾ ਪ੍ਰਧਾਨ ਹਰਪਾਲ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਗਨਰੇਗਾ ਕਾਮਿਆਂ ਦੀਆਂ ਮੰਗਾਂ ਤੇ ਵਿਚਾਰ ਚਰਚਾ ਕਰਨ ਲਈ 6 ਜੁਲਾਈ 2025 ਨੂੰ ਜਲੰਧਰ ਵਿਖੇ ਕਰਵਾਈ ਜਾ ਕਨਵੈਨਸ਼ਨ ਵਿੱਚ ਵੱਡੀ ਗਿਣਤੀ ਵਿੱਚ ਵਰਕਰਾਂ ਦੀ ਸ਼ਮੂਲੀਅਤ ਕਰਵਾਈ ਜਾਵੇਗੀ I

# ਪੁਲਿਸ ਵੱਲੋ ਐਨ ਡੀ ਪੀ ਐਸ ਐਕਟ ਦੇ ਤਹਿਤ ਇਕ ਕਥਿਤ ਦੋਸ਼ੀ ਗ੍ਰਿਫਤਾਰ !

"Equality and justice"
Patiala 30 June
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ 30 ਜੂਨ ( ਤਰਸੇਮ ਦੀਵਾਨਾ ) ਸੰਦੀਪ ਕੁਮਾਰ ਮਲਿਕ ਆਈ.ਪੀ.ਐਸ. ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾ ਤੇ ਮੁਕੇਸ਼ ਕੁਮਾਰ ਐਸ.ਪੀ ਇੰਨਵੈਸਟੀਗੇਸ਼ਨ ਅਤੇ ਡੀ. ਐਸ. ਪੀ. ਸਬ-ਡਵੀਜ਼ਨ ਦਸੂਹਾ ਦੀਆ ਹਦਾਇਤਾਂ ਮੁਤਾਬਿਕ ਇੰਸਪੈਕਟਰ ਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਦਸੂਹਾ ਦੀ ਅਗਵਾਈ ਹੇਠ ਨਸ਼ਾ ਵੇਚਣ ਅਤੇ ਪੀਣ ਵਾਲਿਆ ਖਿਲਾਫ ਚਲਾਈ ਗਈ ਮੁਹਿੰਮ "ਯੁੱਧ ਨਸ਼ਿਆ ਵਿਰੁੱਧ" ਤਹਿਤ ਏ.ਐਸ. ਆਈ ਗੁਰਬਚਨ ਸਿੰਘ ਨੇ ਸਾਥੀ ਕਰਮਚਾਰੀਆ ਨਾਲ ਮੁਲਜਮ ਧੀਰਜ ਕੁਮਾਰ ਪੁੱਤਰ ਉਮ ਪ੍ਰਕਾਸ਼ ਨੂੰ ਕਾਬੂ ਕਰਕੇ ਉਸ ਪਾਸੋ ਇਕ ਸਿਲਵਰ ਪੰਨੀ, ਲਾਈਟਰ ਅਤੇ 10 ਰੁਪਏ ਦਾ ਭਾਰਤੀ ਕਰੰਸੀ ਨੋਟ ਨੂੰ ਬ੍ਰਾਮਦ ਕਰਕੇ ਐਨ.ਡੀ.ਪੀ.ਐਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ, ਜਿਸ ਪਾਸੋ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ । ਉਹਨਾਂ ਦੱਸਿਆ ਕਈ ਉਕਤ ਵਿਅਕਤੀ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਨਸ਼ਾ ਛੁਡਾਓ ਕੇਂਦਰ ਸਿਵਲ ਹਸਪਤਾਲ ਦਸੂਹਾ ਵਿਖੇ ਦਾਖਲ ਕਰਵਾਇਆ ਜਾਵੇਗਾ।

# ਮਾਨਸਾ 'ਚ ਜਲਦ ਸ਼ੁਰੂ ਹੋਵੇਗਾ ਬਿਰਧ ਆਸ਼ਰਮ-ਡਿਪਟੀ ਕਮਿਸ਼ਨਰ*

"Equality and justice"
Patiala 30 June
INTERNATIONAL PAPER, 94636 01616
hardipchumber57@gmail.com

ਮਾਨਸਾ, 30 ਜੂਨ: (ਆਤਮਾ ਸਿੰਘ ਪਮਾਰ) ਮਾਨਸਾ ਵਿਖੇ ਲੋੜਵੰਦ ਬਜ਼ੁਰਗਾਂ ਦੇ ਰਹਿਣ ਲਈ 72 ਬੈੱਡਾਂ ਵਾਲਾ ਬਿਰਧ ਆਸ਼ਰਮ ਬਣਾਇਆ ਜਾ ਰਿਹਾ ਹੈ ਜੋ ਜਲਦੀ ਬਣ ਕੇ ਤਿਆਰ ਹੋ ਜਾਵੇਗਾ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ,ਆਈ.ਏ.ਐਸ. ਨੇ ਅੱਜ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਦਿੱਤੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਬਣਾਏ ਜਾ ਰਹੇ ਇਸ ਬਿਰਧ ਆਸ਼ਰਮ ਨਾਲ ਲੋੜਵੰਦ ਤੇ ਬੇਸਹਾਰਾ ਬਜ਼ੁਰਗਾਂ ਨੂੰ ਨਿਵਾਸ ਮਿਲੇਗਾ। ਉਨ੍ਹਾਂ ਦੱਸਿਆ ਕਿ ਜੋ ਲੋੜਵੰਦ ਬਜ਼ੁਰਗ ਬਿਰਧ ਆਸ਼ਰਮ ਵਿਚ ਰਹਿਣਗੇ ਉਨ੍ਹਾਂ ਨੂੰ ਆਸ਼ਰਮ ਵਿਖੇ ਮੁਫ਼ਤ ਸਿਹਤ ਤੇ ਮੈਡੀਕਲ ਸੁਵਿਧਾ, ਖਾਣਾ ਪੀਣਾ, ਸੁਰੱਖਿਆ ਤੇ ਸੰਭਾਲ ਤੋਂ ਇਲਾਵਾ ਲਾਇਬ੍ਰੇਰੀ ਆਦਿ ਸਹੂਲਤਾਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਬਜ਼ੁਰਗ ਸਾਡਾ ਸਰਮਾਇਆ ਹੁੰਦੇ ਹਨ ਅਤੇ ਉਨ੍ਹਾਂ ਬਜ਼ੁਰਗ ਅਵਸਥਾ ਵਿਚ ਬੇਆਸਰਿਆਂ ਨੂੰ ਆਸਰਾ ਦੇਣਾ ਮਨੁੱਖ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਬਜ਼ੁਰਗਾਂ ਦਾ ਬੁਢਾਪਾ ਨਾ ਰੁਲੇ, ਇਸ ਦੇ ਲਈ ਬਿਰਧ ਆਸ਼ਰਮ ਉਨ੍ਹਾਂ ਲਈ ਆਸਰਾ ਬਣ ਸਕਦਾ ਹੈ।

ਉਨ੍ਹਾਂ ਕਿਹਾ ਕਿ ਜੋ ਵੀ ਲੋੜਵੰਦ ਤੇ ਬੇਸਹਾਰਾ ਬਜ਼ੁਰਗ ਬਿਰਧ ਆਸ਼ਰਮ ਵਿਚ ਰਹਿਣਾ ਚਾਹੁੰਦੇ ਹਨ ਉਹ ਆਪਣੇ ਆਧਾਰ ਕਾਰਡ ਸਮੇਤ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮਾਨਸਾ ਗਰਾਊਂਡ ਫਲੋਰ, ਕਮਰਾ ਨੰਬਰ 12 ਵਿਖੇ ਸੰਪਰਕ ਕਰਨ ।

ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਲਵਨੀਤ ਕੌਰ ਬੜਿੰਗ ਤੋਂ ਇਲਾਵਾ ਬੀ.ਡੀ.ਪੀ.ਓਜ਼., ਸੀ.ਡੀ.ਪੀ.ਓਜ਼. ਆਦਿ ਵੀ ਹਾਜ਼ਰ ਸਨ।

# *ਆਰ.ਐਸ.ਐਸ. ਦੇ ਫਿਰਕੂ-ਫਾਸ਼ੀ ਹੱਲਿਆਂ ਖਿਲਾਫ਼ ਤਿੱਖਾ,ਬੱਝਵਾਂ ਘੋਲ ਵਿੱਢੇਗਾ:ਫਾਸ਼ੀ ਹਮਲਿਆਂ ਵਿਰੋਧੀ ਫਰੰਟ*

## *ਸਾਮਰਾਜੀ ਤੇ ਕਾਰਪੋਰੇਟੀ ਲੁੱਟ ਦੀਆਂ ਔਜ਼ਾਰ ਮੋਦੀ ਸਰਕਾਰ ਨੀਤੀਆਂ ਖਿਲਾਫ਼ ਵੀ ਛੇੜਿਆ ਜਾਵੇਗਾ ਆਰ-ਪਾਰ ਦਾ ਯੁੱਧ*

"Equality and justice" Patiala 30 June INTERNATIONAL PAPER, 94636 01616 hardipchumber57@gmail.com

ਜਲੰਧਰ :30 ਜੂਨ ( ) ਸ਼ਹੀਦ ਕਾਮਰੇਡ ਸਰਵਣ ਸਿੰਘ ਚੀਮਾ ਭਵਨ' ਜਲੰਧਰ ਵਿਖੇ ਕਾਮਰੇਡ ਗੁਰਮੀਤ ਸਿੰਘ ਬਖ਼ਤਪੁਰ ਦੀ ਪ੍ਰਧਾਨਗੀ ਹੇਠ ਪੰਜਾਬ ਦੀਆਂ ਖੱਬੀਆਂ ਪਾਰਟੀਆਂ ਤੇ ਜਥੇਬੰਦੀਆਂ ਦੀ ਸੂਬਾ ਪੱਧਰੀ ਮੀਟਿੰਗ ਸੱਦੀ ਗਈ।

ਭਾਰਤੀ ਕਮਿਉਨਿਸਟ ਪਾਰਟੀ (ਸੀਪੀਆਈ) ਵਲੋਂ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਅਮਰਜੀਤ ਸਿੰਘ ਆਸਲ, ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਵਲੋਂ ਮੰਗਤ ਰਾਮ ਪਾਸਲਾ, ਪਰਗਟ ਸਿੰਘ ਜਾਮਾਰਏ, ਮਹੀਪਾਲ, ਪ੍ਰੋ ਜੈਪਾਲ ਸਿੰਘ ਤੇ ਗੁਰਨਾਮ ਸਿੰਘ ਦਾਊਦ, ਸੀ.ਪੀ.ਆਈ. (ਮ.ਲ.) ਨਿਊ ਡੈਮੋਕਰੇਸੀ ਵਲੋਂ ਦਰਸ਼ਨ ਸਿੰਘ ਖਟਕੜ, ਅਜਮੇਰ ਸਿੰਘ ਸਮਰਾ ਤੇ ਸਰਦਾਰਾ ਸਿੰਘ ਮਾਹਲ, ਸੀ.ਪੀ.ਆਈ. (ਮ.ਲ.) ਲਿਬਰੇਸ਼ਨ ਵਲੋਂ ਰਾਜਬਿੰਦਰ ਸਿੰਘ ਰਾਣਾ, ਸੁਖਦਰਸ਼ਨ ਸਿੰਘ ਨੱਤ, ਰੁਲਦੂ ਸਿੰਘ ਮਾਨਸਾ ਤੇ ਗੁਰਨਾਮ ਸਿੰਘ ਭੀਖੀ, ਇਨਕਲਾਬੀ ਕੇਂਦਰ ਪੰਜਾਬ ਵਲੋਂ ਮੁਖਤਿਆਰ ਸਿੰਘ ਪੂਹਲਾ, ਕੰਵਲਜੀਤ ਖੰਨਾ, ਗੁਰਸੇਵਕ ਸਿੰਘ ਸ਼ਾਮਲ ਹੋਏ। ਐਮ.ਸੀ.ਪੀ.ਆਈ. (ਯੂ.) ਵਲੋਂ ਐਡਵੋਕੇਟ ਕਿਰਨਜੀਤ ਸਿੰਘ ਸੇਖੋਂ ਨੇ ਮੀਟਿੰਗ ਦੀ ਮੁੱਖ ਸੇਧ ਅਤੇ ਫੈਸਲਿਆਂ ਨਾਲ ਮੁਕੰਮਲ ਸਹਿਮਤੀ ਜਤਾਈ।

ਮੀਟਿੰਗ ਵਲੋਂ ਗੰਭੀਰਤਾ ਨਾਲ ਨੋਟ ਕੀਤਾ ਗਿਆ ਹੈ ਕਿ ਮੋਦੀ ਹਕੂਮਤ ਦੇ ਲੰਘੇ ਤਕਰੀਬਨ 11 ਸਾਲ ਦੇ ਕਾਰਜਕਾਲ ਦੌਰਾਨ ਦੇਸ਼ ਭਰ ਚ ਧਾਰਮਿਕ ਘੱਟ ਗਿਣਤੀਆਂ,ਖਾਸ ਕਰਕੇ ਮੁਸਲਿਮ ਤੇ ਈਸਾਈ ਭਾਈਚਾਰੇ ਖਿਲਾਫ਼ ਫਿਰਕੂ ਜ਼ਹਿਰ ਫੈਲਾਈ ਜਾ ਰਹੀ ਹੈ। ਮਨੂੰਵਾਦੀ-ਹਿੰਦੁਤਵੀ ਖਰੂਦੀ ਟੋਲਿਆਂ ਨੇ ਦਲਿਤਾਂ, ਔਰਤਾਂ ਖਿਲਾਫ ਹੌਲਨਾਕ ਜਾਤੀਵਾਦੀ ਤੇ ਲਿੰਗਕ ਅਪਰਾਧਾਂ ਦਾ ਹੜ੍ਹ ਲਿਆਂਦਾ ਹੋਇਆ ਹੈ। ਆਰ.ਐਸ.ਐਸ. ਦਾ ਚਿਤਵਿਆ ਤਾਨਾਸ਼ਾਹੀ ਚੌਖਟੇ ਵਾਲਾ ਧਰਮ ਅਧਾਰਤ ਰਾਜ ਪ੍ਰਬੰਧ ਸਥਾਪਤ ਕਰਨ ਦਾ ਰਾਹ ਪੱਧਰਾ ਕਰਨ ਲਈ ਲਈ ਸੰਵਿਧਾਨਕ ਸੰਸਥਾਵਾਂ ਦਾ ਭਗਵਾਂਕਰਨ ਕੀਤਾ ਜਾ ਰਿਹਾ ਹੈ। ਦੇਸ਼ ਦਾ ਉਪ ਰਾਸ਼ਟਰਪਤੀ, ਆਸਾਮ ਦਾ ਰਾਸ਼ਟਰਪਤੀ ਤੇ ਰਾਜ ਕਰਦੀ ਧਿਰ ਦੇ ਅਨੇਕਾਂ ਹੋਰ ਨੇਤਾ ਸੰਵਿਧਾਨ ਦੀ ਪ੍ਰਸਤਾਵਨਾ 'ਚ ਦਰਜ ਧਰਮ ਨਿਰਪੱਖ ਅਤੇ ਸਮਾਜਵਾਦ ਸ਼ਬਦਾਂ ਨੂੰ ਨਾਸੂਰ ਦੱਸ ਰਹੇ ਹਨ। ਬਿਹਾਰ ਸੂਬੇ 'ਚ ਕਰੋੜਾਂ ਲੋਕਾਂ ਤੋਂ ਮਤਦਾਨ ਦਾ ਅਧਿਕਾਰ ਖੋਹ ਕੇ ਚੋਰ ਦਰਵਾਜਿਓਂ 'ਨਾਗਰਿਕਤਾ ਸੋਧ ਕਨੂੰਨ' ਲਾਗੂ ਕੀਤਾ ਜਾ ਰਿਹਾ ਹੈ। ਧਰਤੀ ਹੇਠਲੇ ਬੇਸ਼ਕੀਮਤੀ ਖਣਿਜ ਪਦਾਰਥਾਂ ਦਾ ਵਿਸ਼ਾਲ ਜ਼ਖੀਰਾ ਦੇਸੀ-ਵਿਦੇਸ਼ੀ ਕਾਰਪੋਰੇਟਾਂ ਦੇ ਹੱਥੀਂ ਸੌਂਪਣ ਲਈ ਆਦਿਵਾਸੀਆਂ ਨੂੰ ਜੰਗਲਾਂ ਚੋਂ ਬੇਦਖ਼ਲ ਕੀਤਾ ਜਾ ਰਿਹਾ ਹੈ ਅਤੇ ਇਸ ਖਿਲਾਫ ਉੱਠੇ ਲੋਕ ਰੋਹ ਨੂੰ ਦਬਾਉਣ ਲਈ ਅਪ੍ਰੇਸ਼ਨ ਕਗਾਰ ਅਤੇ ਬਲੈਕ ਫਾਰੈਸਟ ਤਹਿਤ ਵੱਡੀ ਪੱਧਰ ਤੇ ਮਾਓਵਾਦੀਆਂ ਤੇ ਕਬਾਇਲੀਆਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ। ਦੇਸ਼ ਦੇ ਕੁਦਰਤੀ ਤੇ ਮਾਨਵੀ ਵਸੀਲਿਆਂ ਦੀ ਮਨਚਾਹੀ ਲੁੱਟ ਕਰਨ ਲਈ ਜਲ, ਜੰਗਲ, ਜ਼ਮੀਨ ਤੇ ਪਬਲਿਕ ਸੈਕਟਰ ਜੁੰਡੀ ਪੂੰਜੀਪਤੀਆਂ ਤੇ ਬਹੁ ਕੌਮੀ ਕਾਰਪੋਰੇਸ਼ਨਾਂ ਦੇ ਹਵਾਲੇ ਕੀਤੇ ਜਾ ਰਹੇ ਹਨ। ਹੱਕ-ਸੱਚ, ਇਨਸਾਫ ਦੀ ਰਾਖੀ ਲਈ ਲੋਕ ਸੰਗਰਾਮ ਦਾ ਪ੍ਰਚਮ ਬੁਲੰਦ ਕਰਨ ਵਾਲੇ ਕਮਿਉਨਿਸਟਾਂ 'ਤੇ ਅੰਨ੍ਹਾ ਜਬਰ ਢਾਹੇ ਜਾਣ ਦੀਆਂ ਸਾਜ਼ਿਸ਼ਾਂ ਸਿਰੇ ਚੜ੍ਹਾਉਣ ਲਈ 'ਅਰਬਨ ਨਕਸਲ' ਵਰਗੇ ਜੁਮਲੇ ਉਛਾਲੇ ਜਾ ਰਹੇ ਹਨ। ਲੋਕ ਹਿਤੈਸ਼ੀ ਬੁੱਧੀਜੀਵੀਆਂ ਅਤੇ ਮਨੁੱਖੀ ਅਧਿਕਾਰ ਤੇ ਤਰਕਵਾਦੀ ਕਾਰਕੁੰਨਾਂ ਨੂੰ ਜੇਲ੍ਹੀ ਡੱਕਿਆ ਜਾ ਰਿਹਾ ਹੈ। ਅਮਿਤ ਸ਼ਾਹ ਵਲੋਂ ਮਾਰੇ ਜਾ ਰਹੇ 31 ਮਾਰਚ 2026 ਤੱਕ ਨਕਸਲਵਾਦ ਦੇ ਖਾਤਮੇ ਦੇ ਦਮਗਜ਼ੇ ਅਤੇ ਮੋਦੀ-ਸ਼ਾਹ ਸਰਕਾਰ ਵਲੋਂ ਲਾਗੂ ਕੀਤੇ ਜਾ ਰਹੇ ਕਾਲੇ ਕਾਨੂੰਨ ਇਸੇ ਸੰਦਰਭ 'ਚ ਦੇਖੇ-ਸਮਝੇ ਜਾਣੇ ਚਾਹੀਦੇ ਹਨ। ਸਾਮਰਾਜੀ ਤੇ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰਦਿਆਂ ਦੇਸ਼ ਦੇ ਦਰਵਾਜੇ ਕਾਰਪੋਰੇਟਾਂ ਲਈ ਸਰਪਟ ਖੋਲ੍ਹਣ ਲਈ ਅਤੇ ਸਾਮਰਾਜੀ ਲੁੱਟ ਦੇ ਸਭ ਤੋਂ ਵੱਡੇ ਸਰਗਨਾ ਅਮਰੀਕਾ ਨਾਲ ਦੇਸ਼ ਵਿਰੋਧੀ ਵਪਾਰਕ ਸਮਝੌਤੇ ਕੀਤੇ ਜਾ ਰਹੇ ਹਨ। ਕਿਸਾਨਾਂ-ਮਜ਼ਦੂਰਾਂ, ਮਿਹਨਤੀ ਤਬਕਿਆਂ 'ਤੇ ਤਿੱਖਾ ਪੁਲਸ ਜਬਰ ਢਾਹਿਆ ਜਾ ਰਿਹਾ ਹੈ। ਅਪ੍ਰੇਸ਼ਨ ਸੰਧੂਰ ਦਾ ਨਾਂ ਵਰਤ ਕੇ ਅੰਨ੍ਹਾ ਕੌਮਵਾਦ ਭੜਕਾਉਣ ਰਾਹੀਂ ਮੋਦੀ ਦੇ ਦੁਰਰਾਜ ਦੀ ਉਮਰ ਲੰਮੀ ਕਰਨ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਗੋਦੀ ਮੀਡੀਆ ਫਿਰਕੂ-ਫਾਸ਼ੀ ਸੰਘ ਪਰਿਵਾਰ ਤੇ ਮੋਦੀ ਸਰਕਾਰ ਦੇ ਉਕਤ ਕਾਰਿਆਂ ਦਾ ਪੂਰਾ ਮਦਦਗਾਰ ਬਣ ਖਲੋਤਾ ਹੈ।

ਉਪਰੋਕਤ ਵਿਚਾਰ-ਚਰਚਾ ਉਪਰੰਤ ਇਹ ਸਰਵ ਸਾਂਝੀ ਰਾਇ ਬਣੀ ਕਿ ਮੌਜੂਦਾ ਹਾਲਾਤ 'ਚ ਦੇਸ਼ ਦੇ ਕਿਰਤੀ ਵਰਗ ਸਨਮੁੱਖ ਮੂੰਹ ਅੱਡੀ ਖੜ੍ਹੀਆਂ ਫਿਰਕੂ-ਫਾਸ਼ੀਵਾਦੀ ਹਮਲਿਆਂ ਅਤੇ ਸਾਮਰਾਜੀ ਤੇ ਕਾਰਪੋਰੇਟੀ ਲੁੱਟ ਰੂਪੀ ਦੋ ਵੱਡੀਆਂ ਚੁਣੌਤੀਆਂ ਦਾ ਟਾਕਰਾ ਕਰਨ ਹਿੱਤ ਖੱਬੀਆਂ ਤਾਕਤਾਂ ਦਾ ਇਕਜੁੱਟ ਸੰਗਰਾਮੀ ਹੱਲਾ ਸਮੇਂ ਦੀ ਪਲੇਠੀ ਤੇ ਮਹੱਤਵਪੂਰਣ ਲੋੜ ਹੈ। ਇਸ ਸੇਧ ਵਿਚ ਮੀਟਿੰਗ ਵਲੋਂ 'ਫਾਸ਼ੀ ਹਮਲਿਆਂ ਵਿਰੋਧੀ ਫਰੰਟ' ਨੂੰ ਮੁੜ ਸਰਗਰਮ ਕਰਨ ਅਤੇ ਉੱਪਰ ਬਿਆਨੇ ਹਕੀਕੀ ਖਤਰਿਆਂ ਤੋਂ ਬਚਾਅ ਲਈ ਵਿਸ਼ਾਲ ਲੋਕ ਲਾਮਬੰਦੀ ਤੇ ਆਧਾਰਿਤ ਤਿੱਖੇ ਤੇ ਬੱਝਵੇਂ ਘੋਲ ਵਿੱਢਣ ਦਾ ਨਿਰਣਾ ਲਿਆ ਗਿਆ ਹੈ। ਉਕਤ ਘੋਲਾਂ ਦੀ ਰੂਪਰੇਖਾ ਅਤੇ ਤਰੀਕਾਂ ਦਾ ਵਿਧੀਵਤ ਐਲਾਨ ਫਰੰਟ ਦੇ ਆਗੂਆਂ ਵਲੋਂ 7 ਜੁਲਾਈ ਨੂੰ ਜਲੰਧਰ ਵਿਖੇ ਪ੍ਰੈੱਸ ਕਾਨਫਰੰਸ ਕਰਕੇ ਕੀਤਾ ਜਾਵੇਗਾ।



ਕੇਂਦਰੀ ਹੁਕਮਰਾਨਾਂ ਦੀਆਂ ਪੰਜਾਬ ਵਿਰੋਧੀ ਸਾਜ਼ਿਸ਼ਾਂ ਤੇ ਪੰਜਾਬ ਨਾਲ ਕੀਤੇ ਜਾ ਰਹੇ ਧੱਕੇ-ਵਿਤਕਰੇ ਖਿਲਾਫ ਅਤੇ ਪੰਜਾਬ ਦੇ ਮਸਲਿਆਂ ਦਾ ਸਥਾਈ ਹੱਲ ਲੱਭਣ ਲਈ ਵੀ ਗਰਜ਼ਵੀਂ ਬਾਦਲੀਲ ਆਵਾਜ਼ ਬੁਲੰਦ ਕੀਤੀ ਜਾਵੇਗੀ।

ਮੀਟਿੰਗ ਵਲੋਂ ਦੇਸ਼ ਦੀਆਂ ਕੇਂਦਰੀ ਟਰੇਡ ਯੂਨੀਅਨਾਂ ਤੇ ਆਜ਼ਾਦ ਫੈਡਰੇਸ਼ਨਾਂ ਵਲੋਂ ਆਉਣ ਵਾਲੀ 9 ਜੁਲਾਈ ਨੂੰ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਦਾ ਮੁਕੰਮਲ ਸਮਰਥਨ ਕਰਨ ਦਾ ਐਲਾਨ ਕੀਤਾ ਗਿਆ ਹੈ।

ਆਪਣੀਆਂ ਹੱਕੀ ਮੰਗਾਂ ਲਈ ਆਜ਼ਾਦਾਨਾ ਤੇ ਸਾਂਝੇ ਘੋਲ ਲੜ ਰਹੇ ਤਬਕਾਤੀ ਸੰਗਠਨਾਂ ਦੀ ਵੀ ਹਰ ਪੱਖੋਂ ਹਿਮਾਇਤ ਕਰਨ ਦਾ ਨਿਰਣਾ ਲਿਆ ਗਿਆ ਹੈ।

ਜਾਰੀ ਕਰਤਾ: ਕੰਵਲਜੀਤ ਖੰਨਾ

ਸੰਪਰਕ ਨੰਬਰ: 94170 67344

# ਕੱਟੜ ਫਿਰਕੂ ਤੇ ਹਿੰਦੂਤਵੀ ਗਿਰੋਹ ਵੱਲੋਂ ਦਿਲਜੀਤ ਦੋਸਾਂਝ ਦੇ ਵਿਰੋਧ ਦੀ ਲਿਬਰੇਸ਼ਨ ਵਲੋਂ ਸਖਤ ਨਿੰਦਾ

## ਸੂਝਵਾਨ ਦੇਸ਼ ਵਾਸੀ ਇਸ ਮੁੱਦੇ 'ਤੇ ਕੀਤੇ ਜਾ ਹੇ ਰਹੇ ਜਨੂੰਨੀ ਪ੍ਰਚਾਰ ਖਿਲਾਫ ਦਿਲਜੀਤ ਦੇ ਪੱਖ 'ਚ ਆਉਣ ਅੱਗੇ,,

"Equality and justice" Patiala 30 June INTERNATIONAL PAPER, 94636 01616 hardipchumber57@gmail.com

ਮਾਨਸਾ,30 ਜੂਨ (ਆਤਮਾ ਸਿੰਘ ਪਮਾਰ).

ਸੀਪੀਆਈ (ਐਮ ਐਲ) ਲਿਬਰੇਸ਼ਨ ਪੰਜਾਬ ਨੇ ਉੱਘੇ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੁਸਾਂਝ ਦੇ ਪੱਖ ਵਿੱਚ ਖੜ੍ਹਦਿਆਂ ਉਨ੍ਹਾਂ ਸਾਰੇ ਅਖੌਤੀ ਰਾਸ਼ਟਰਵਾਦੀਆਂ ਤੇ ਹਿੰਦੂਤਵੀ ਅਨਸਰਾਂ ਦੀ ਸਖ਼ਤ ਨਿੰਦਾ ਕੀਤੀ ਹੈ, ਜੋ ਅਪਣੀ ਤੰਗਨਜ਼ਰੀ ਤੇ ਸੌੜੀ ਸੋਚ ਕਾਰਨ ਦਿਲਜੀਤ ਨੂੰ ਨਿਸ਼ਾਨਾ ਬਣਾ ਰਹੇ ਹਨ ਅਤੇ ਉਸ ਦਾ ਬਾਈਕਾਟ ਕਰਨ ਦੇ ਹੋਕਰੇ ਮਾਰ ਰਹੇ ਹਨ।

ਲਿਬਰੇਸ਼ਨ ਦੇ ਸੀਨੀਅਰ ਆਗੂਆਂ ਕਾਮਰੇਡ ਗੁਰਮੀਤ ਸਿੰਘ ਬਖਤਪੁਰ, ਰਾਜਵਿੰਦਰ ਸਿੰਘ ਰਾਣਾ, ਸੁਖਦਰਸ਼ਨ ਸਿੰਘ ਨੱਤ ਅਤੇ ਉੱਘੇ ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਵਲੋਂ ਜਾਰੀ ਪ੍ਰੈਸ ਬਿਆਨ 'ਚ ਕਿਹਾ ਗਿਆ ਹੈ ਕਿ ਸਦਾ ਹੀ ਮੌਕਾਪ੍ਰਸਤ ਤੇ ਸੁਆਰਥੀ ਹੁਕਮਰਾਨ ਸਾਜਿਸ਼ਾਂ, ਹਮਲਿਆਂ ਤੇ ਜੰਗਾਂ ਰਾਹੀਂ ਗੁਆਂਢੀ ਦੇਸ਼ਾਂ ਤੇ ਕੌਮਾਂ ਦਰਮਿਆਨ ਦੁਸ਼ਮਣੀ ਤੇ ਨਫ਼ਰਤ ਦੇ ਬੀਜ ਬੀਜਦੇ ਆਏ ਹਨ, ਪਰ ਸਾਹਿਤ ਕਲਾ ਤੇ ਸੰਗੀਤ ਰਾਹੀਂ ਲੇਖਕ ਕਲਾਕਾਰ ਤੇ ਸੰਗੀਤਕਾਰ ਦੁਨੀਆਂ ਭਰ ਵਿੱਚ ਇਨਸਾਨੀ ਪਿਆਰ ਤੇ ਸਾਂਝ ਨੂੰ ਹੁਲਾਰਾ ਦਿੰਦੇ ਹਨ। ਭਾਰਤ ਤੇ ਪਾਕਿਸਤਾਨ ਸਦੀਆਂ ਤੋਂ ਇੱਕੋ ਦੇਸ਼ ਰਹੇ ਹੋਣ ਕਾਰਨ ਇੰਨਾਂ ਵਿੱਚ ਸਭਿਆਚਾਰ, ਕਲਾ ਤੇ ਸੰਗੀਤ ਦੀ ਬੜੀ ਡੂੰਘੀ ਸਾਂਝ ਹੈ। ਇੰਨਾਂ ਵਿਚ ਕਈ ਵਾਰ ਜੰਗਾਂ ਤੇ ਸਮਝੌਤੇ ਹੋਏ ਹਨ, ਪਰ ਸਧਾਰਨ ਜਨਤਾ ਦੇ ਪਿਆਰ ਤੇ ਸਾਂਝ ਵਿੱਚ ਕੋਈ ਕਮੀ ਨਹੀਂ ਆਈ। ਨਾ ਦਿਲਜੀਤ ਨੇ ਪਹਿਲਗਾਮ ਕਾਂਡ ਤੇ ਜੰਗੀ ਝੜਪ ਤੋਂ ਪਹਿਲਾਂ ਲਹਿੰਦੇ ਪੰਜਾਬ ਦੇ ਕਲਾਕਾਰਾਂ ਦੀ ਸ਼ਮੂਲੀਅਤ ਵਾਲੀ ਫਿਲਮ ਬਣਾ ਕੇ ਕੋਈ ਗੁਨਾਹ ਕੀਤਾ ਹੈ ਅਤੇ ਨਾ ਭਵਿੱਖ ਵਿੱਚ ਅਜਿਹੇ ਸਾਂਝੇ ਕਲਾਤਮਿਕ ਉੱਦਮਾਂ ਉਤੇ ਕੋਈ ਰੋਕ ਲੱਗ ਸਕਦੀ ਹੈ। ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿੱਚ ਇੱਕੋ ਪੰਜਾਬੀ ਕੌਮ ਵਸਦੀ ਹੈ, ਇਸ ਲਈ ਦੋਵੇਂ ਦੇਸ਼ਾਂ ਵਿਚਲੀਆਂ ਫਿਰਕੂ ਕੱਟੜਪੰਥੀ ਤੇ ਭੜਕਾਊ ਦਹਿਸ਼ਤਪਸੰਦ ਤਾਕਤਾਂ ਚਾਹੇ ਲੱਖ ਸਾਜਿਸ਼ਾਂ ਕਰਨ, ਪਰ ਪੰਜਾਬੀਆਂ ਦੇ ਆਪਸੀ ਸਾਂਝ ਤੇ ਪਿਆਰ ਕੋਈ ਖ਼ਤਮ ਨਹੀਂ ਸਕਦਾ। ਬੀਤੇ ਵਿੱਚ ਵੀ ਜੰਗਾਂ ਦੇ ਬਾਵਜੂਦ ਭਾਰਤ ਦੇ ਤਤਕਾਲੀ ਪ੍ਰਧਾਨ ਮੰਤਰੀ ਅਟੱਲ ਬਿਹਾਰੀ ਵਾਜਪਾਈ , ਗ੍ਰਹਿ ਮੰਤਰੀ ਅਡਵਾਨੀ ਜਾਂ ਵਰਤਮਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਾਕਿਸਤਾਨ ਜਾਂਦੇ ਤੇ ਉਥੋਂ ਦੀ ਸਰਕਾਰ ਦੀ ਮਹਿਮਾਨ ਨਿਵਾਜ਼ੀ ਦਾ ਆਨੰਦ ਮਾਣਦੇ ਰਹੇ ਹਨ, ਪਰ ਸੰਘ- ਬੀਜੇਪੀ ਨੂੰ ਉਨ੍ਹਾਂ ਉਤੇ ਕੋਈ ਇਤਰਾਜ਼ ਨਹੀਂ ਹੁੰਦਾ , ਪਰ ਜਦੋ ਪੰਜਾਬ ਦੇ ਬੁੱਧੀਜੀਵੀ ਲੇਖਕ ਤੇ ਕਲਾਕਾਰ ਸਾਂਝੇ ਤੌਰ 'ਤੇ ਕੋਈ ਕਾਨਫਰੰਸ, ਫਿਲਮ ਬਣਾਉਣ ਜਾਂ ਸਿੱਖ ਉਧਰ ਰਹਿ ਗਏ ਅਪਣੇ ਗੁਰਧਾਮਾਂ ਦੇ ਦਰਸ਼ਨਾਂ ਲਈ ਵੀਜ਼ਾ ਮੁਕਤ ਜਾਣ ਆਉਣ ਦੀ ਖੁੱਲ ਮੰਗਣ ; ਤਾਂ ਉਕਤ ਤਾਕਤਾਂ ਦੀ ਨਜ਼ਰ ਵਿੱਚ ਦੇਸ਼ ਧ੍ਰੋਹੀ ਹਨ! ਇਵੇਂ ਹੀ ਦਿਲਜੀਤ ਜੇਕਰ ਦਿੱਲੀ ਕਿਸਾਨ ਮੋਰਚੇ ਦੀ ਹਮਾਇਤ ਕਰੇ ਤਾਂ ਹਿੰਦੂਤਵੀ ਅਨਸਰਾਂ ਦੀ ਨਜ਼ਰ ਵਿਚ ਉਹ ਗ਼ਦਾਰ ਹੈ, ਪਰ ਜੇ ਉਹ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਕਰੇ ਤਾਂ ਦੇਸ਼ ਭਗਤ ।

ਦਿਲਜੀਤ ਨੇ ਆਪਣੀ ਕਲਾ ਰਾਹੀਂ ਪੰਜਾਬੀ ਬੋਲੀ ਅਤੇ ਸਿੱਖ ਪਛਾਣ ਨੂੰ ਪੂਰੇ ਸੰਸਾਰ ਵਿੱਚ ਉਭਾਰਿਆ ਹੈ, ਜਿਸ ਕਰਕੇ ਦੁਨੀਆ ਭਰ ਵਿੱਚ ਵਸਦੇ ਪੰਜਾਬੀ ਤੇ ਸਿੱਖ ਉਸ ਨੂੰ ਅਪਣਾ ਬ੍ਰਾਂਡ ਅੰਬੈਸਡਰ ਮੰਨਦੇ ਹਨ ਤੇ ਉਸ ਉੱਤੇ ਮਾਣ ਵੀ ਕਰਦੇ ਹਨ, ਪਰ ਹਿੰਦੂਤਵੀ ਤਾਕਤਾਂ ਨੂੰ ਖੁਸ਼ ਕਰਨ ਲਈ ਕੁਝ ਮੁੱਠੀ ਭਰ ਪੰਜਾਬੀ ਕਲਾਕਾਰ ਤੇ ਨਿਰਦੇਸ਼ਕ ਵੀ ਦਿਲਜੀਤ ਦੀ ਨਿੰਦਾ ਕਰ ਰਹੇ ਹਨ, ਪਾਰਟੀ ਦਾ ਮੰਨਣਾ ਹੈ ਕਿ ਉਹ ਦਿੱਲੀ ਹਕੂਮਤ ਦੀ ਚਮਚਾਗਿਰੀ ਕਰਕੇ ਪ੍ਰਵਾਨ ਚੜ੍ਹਨ ਵਾਲ਼ੀ ਅਪਣੀ ਇਸ ਪਹੁੰਚ ਉਤੇ ਲਾਜ਼ਮੀ ਨਜ਼ਰਸਾਨੀ ਕਰਨ। ਲਿਬਰੇਸ਼ਨ ਨੇ ਇਸ ਮੁੱਦੇ 'ਤੇ ਸੂਝਵਾਨ ਦੇਸ਼ ਵਾਸੀਆਂ - ਖਾਸ ਕਰ ਪੰਜਾਬੀਆਂ ਨੂੰ ਦਿਲਜੀਤ ਦੇ ਪੱਖ ਚ ਅੱਗੇ ਆਉਣ ਦੀ ਅਪੀਲ ਵੀ ਕੀਤੀ

# ਮੈਡੀਕਲ ਆਪਰੇਟਰਾਂ ਵੱਲੋਂ ਦਵਾਈਆਂ ਵੇਚਣ ਦੀ ਸ਼ਿਕਾਇਤ 'ਤੇ, ਸੀਐਮ ਫਲਾਇੰਗ ਐਂਡ ਡਰੱਗ ਵਿਭਾਗ ਦੀ ਸਾਂਝੀ ਟੀਮ ਨੇ ਛਾਪੇਮਾਰੀ ਕੀਤੀ

"Equality and justice" Patiala 30 June INTERNATIONAL PAPER, 94636 01616 hardipchumber57@gmail.com

ਰਤੀਆ/ਸੁਨੀਲ ਕੁਮਾਰ

ਸ਼ਹਿਰ ਦੇ ਕੁਝ ਮੈਡੀਕਲ ਆਪਰੇਟਰਾਂ ਵੱਲੋਂ ਦਵਾਈਆਂ ਵੇਚਣ ਦੀ ਸ਼ਿਕਾਇਤ 'ਤੇ, ਸੀਐਮ ਫਲਾਇੰਗ ਐਂਡ ਡਰੱਗ ਵਿਭਾਗ ਦੀ ਸਾਂਝੀ ਟੀਮ ਨੇ ਸੋਮਵਾਰ ਨੂੰ ਸ਼ਹਿਰ ਦੇ ਲਗਭਗ ਅੱਧਾ ਦਰਜਨ ਮੈਡੀਕਲ ਹਾਲਾਂ 'ਤੇ ਛਾਪੇਮਾਰੀ ਕੀਤੀ। ਅਤੇ ਇਨ੍ਹਾਂ ਵਿੱਚੋਂ ਕੁਝ ਮੈਡੀਕਲ ਆਪਰੇਟਰਾਂ ਦੀਆਂ ਦੁਕਾਨਾਂ ਵਿੱਚ ਰੱਖੀਆਂ ਦਵਾਈਆਂ ਦੇ ਨਮੂਨੇ ਲੈ ਕੇ ਜਾਂਚ ਲਈ ਲੈਬ ਭੇਜੇ ਗਏ। ਸੀਐਮ ਫਲਾਇੰਗ ਐਂਡ ਡਰੱਗ ਵਿਭਾਗ ਦੀ ਇਸ ਕਾਰਵਾਈ ਤੋਂ ਬਾਅਦ, ਬਹੁਤ ਸਾਰੇ ਮੈਡੀਕਲ ਆਪਰੇਟਰ ਘਬਰਾਹਟ ਵਿੱਚ ਸਨ। ਜਾਣਕਾਰੀ ਅਨੁਸਾਰ, ਸੀਐਮ ਫਲਾਇੰਗ ਨੂੰ ਸ਼ਿਕਾਇਤ ਮਿਲੀ ਸੀ ਕਿ ਰਤੀਆ ਵਿੱਚ ਕੁਝ ਮੈਡੀਕਲ ਆਪਰੇਟਰ ਨਸ਼ੇ ਦਾ ਕਾਰੋਬਾਰ ਕਰ ਰਹੇ ਹਨ, ਜਿਸ ਦੇ ਆਧਾਰ 'ਤੇ ਦੋਵਾਂ ਵਿਭਾਗਾਂ ਦੀ ਸਾਂਝੀ ਟੀਮ ਨੇ ਸੀਐਮ ਫਲਾਇੰਗ ਟੀਮ ਦੇ ਸਬ ਇੰਸਪੈਕਟਰ ਰਾਜੇਸ਼ ਕੁਮਾਰ, ਸਬ ਇੰਸਪੈਕਟਰ ਜਤਿੰਦਰ ਕੁਮਾਰ ਅਤੇ ਡਰੱਗ ਵਿਭਾਗ ਦੇ ਡਰੱਗ ਕੰਟਰੋਲਰ ਧੀਰਜ ਖੱਟਕ ਦੀ ਅਗਵਾਈ ਹੇਠ ਅੱਜ ਸਵੇਰੇ ਰਤੀਆ ਦੇ ਟੋਹਾਣਾ ਰੋਡ, ਨਵੇਂ ਬੱਸ ਸਟੈਂਡ ਦੇ ਸਾਹਮਣੇ ਅਤੇ ਸ਼ਹਿਰ ਦੇ ਕੁਝ ਹੋਰ ਸਥਾਨਾਂ ਸਮੇਤ ਅੱਧਾ ਦਰਜਨ ਮੈਡੀਕਲ ਹਾਲਾਂ 'ਤੇ ਛਾਪੇਮਾਰੀ ਕੀਤੀ। ਉਕਤ ਟੀਮ ਵੱਲੋਂ ਕੀਤੀ ਗਈ ਛਾਪੇਮਾਰੀ ਦੌਰਾਨ ਸਬੰਧਤ ਮੈਡੀਕਲ ਹਾਲਾਂ ਦੇ ਦਵਾਈਆਂ ਦੇ ਸਟਾਕ ਦੀ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਲਈ ਤਲਾਸ਼ੀ ਲਈ ਗਈ ਅਤੇ ਉਕਤ ਦੁਕਾਨਾਂ ਦੇ ਦਵਾਈਆਂ ਦੀ ਵਿਕਰੀ ਅਤੇ ਖਰੀਦ ਨਾਲ ਸਬੰਧਤ ਰਿਕਾਰਡ ਅਤੇ ਹੋਰ ਦਸਤਾਵੇਜ਼ਾਂ ਦੀ ਵੀ ਜਾਂਚ ਕੀਤੀ ਗਈ ਅਤੇ ਕੁਝ ਮੈਡੀਕਲ ਹਾਲਾਂ ਵਿੱਚ ਰੱਖੀਆਂ ਗਈਆਂ ਕਈ ਦਵਾਈਆਂ ਦੇ ਨਮੂਨੇ ਲੈ ਕੇ ਜਾਂਚ ਲਈ ਲੈਬ ਵਿੱਚ ਭੇਜੇ ਗਏ। ਇਸ ਸਬੰਧ ਵਿੱਚ ਜਦੋਂ ਡਰੱਗ ਕੰਟਰੋਲਰ ਧੀਰਜ ਖਟਕ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਸੀਐਮ ਫਲਾਇੰਗ ਨੂੰ ਸ਼ਿਕਾਇਤ ਮਿਲੀ ਸੀ ਕਿ ਰਤੀਆ ਵਿੱਚ ਕੁਝ ਮੈਡੀਕਲ ਆਪਰੇਟਰ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਵੇਚ ਰਹੇ ਹਨ, ਜਿਸ ਦੇ ਆਧਾਰ 'ਤੇ ਦੋਵਾਂ ਵਿਭਾਗਾਂ ਦੀ ਸਾਂਝੀ ਟੀਮ ਨੇ ਅੱਜ ਉਕਤ ਕਾਰਵਾਈ ਕੀਤੀ ਹੈ। ਹੁਣ ਤੱਕ ਜਿਨ੍ਹਾਂ ਮੈਡੀਕਲ ਦੁਕਾਨਾਂ ਦਾ ਨਿਰੀਖਣ ਕੀਤਾ ਗਿਆ, ਉਨ੍ਹਾਂ ਵਿੱਚੋਂ ਕੋਈ ਵੀ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਦਵਾਈ ਨਹੀਂ ਮਿਲੀ ਪਰ ਉਨ੍ਹਾਂ ਵਿਰੁੱਧ ਕਾਰਵਾਈ ਅਜੇ ਵੀ ਜਾਰੀ ਹੈ। ਡਰੱਗ ਕੰਟਰੋਲਰ ਨੇ ਕਿਹਾ ਕਿ ਜੇਕਰ ਕੋਈ ਵੀ ਮੈਡੀਕਲ ਆਪਰੇਟਰ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



# ਲਾਲੜੂ ਵਿੱਚ ਵੈਲਡਿੰਗ ਦੀ ਚੰਗਿਆੜੀ ਟੈਂਕਰ ਕੋਲ ਪਹੁੰਚਣ ਸਾਰ ਹੋਇਆ ਵੱਡਾ ਧਮਾਕਾ

"Equality and justice" Patiala 30 June INTERNATIONAL PAPER, 94636 01616 hardipchumber57@gmail.com

ਮੋਹਾਲੀ: ਮੋਹਾਲੀ ਦੇ ਲਾਲੜੂ ਵਿੱਚ ਵੈਲਡਿੰਗ ਦੀ ਦੁਕਾਨ ਨੂੰ ਭਿਆਨਕ ਅੱਗ ਲੱਗ ਗਈ। ਦੁਕਾਨ ਦੇ ਨੇੜੇ ਤੇਲਦਾ ਟੈਂਕਰ ਖੜ੍ਹਾਂ ਹੋਣ ਕਰਕੇ ਚੰਗਿਆੜੀ ਟੈਂਕਰ ਕੋਲ ਪਹੁੰਚਣ ਨਾਲ ਹੀ ਵੱਡਾ ਧਮਾਕਾ ਹੋਇਆ ਗਿਆ। ਅੱਗ ਦੀ ਸੂਚਨਾ ਮਿਲਦੇ ਸਾਰ ਹੀ ਫਾਇਰ ਬ੍ਰਿਗੇਡ ਮੌਕੇ ਉੱਤੇ ਪਹੁੰਚ ਗਈ ।

"Equality and justice"
Patiala 30 June
INTERNATIONAL PAPER, 94636 01616
hardipchumber57@gmail.com

# ਅਮੀਰਾਂ 'ਤੇ ਟੈਕਸ ਕਿਉਂ ਲਗਾਇਆ ਜਾਵੇ?

ਇੰਜੀ ਹਰਦੀਪ ਸਿੰਘ ਚੁੰਬਰ
ਅਨੁਵਾਦ ਕਰਤਾ-

ਅਸਮਾਨਤਾ ਦੀ ਰਿਪੋਰਟ ਵਿੱਚ ਵਾਧਾ ਹੋਣਾ ਜਾ ਕਰ ਦੇਣਾ ਭਾਰਤ ਦੇ ਸੰਵਿਧਾਨ ਵਿਰੋਧੀ ਕਰਮ ਹੈ, ਅਸਮਾਨਤਾ ਦੀ ਰਿਪੋਰਟ ਹਰ ਦਸ ਸਾਲ ਬਾਅਦ ਕਈ ਐਨਜੀਓ ਬਣਾਉਂਦੀਆਂ ਹਨ। 1951 ਤੋਂ 1961, 1971, 1981, 1991, 2001, 2011 ਤੇ ਫੇਰ 2021 ਦੀਆਂ ਰਿਪੋਰਟਾਂ ਬਣਾਈਆਂ ਗਈਆਂ ਹਨ। ਅੱਗੇ ਵਾਲੀ ਰਿਪੋਰਟ 2031 ਵਿੱਚ ਬਣੇਗੀ।

ਇਹਨਾ ਤੋਂ ਪਤਾ ਲਗਦਾ ਹੈ ਕਿ ਭਾਰਤ ਦੀਆਂ ਸਾਰੀਆਂ ਸਰਕਾਰਾਂ ਨੇ ਅਸਮਾਨਤਾ ਵਿੱਚ ਵਾਧਾ ਕੀਤਾ ਹੈ ਜੋ ਕਿ ਸੰਵਿਧਾਨ ਦੀ ਮੂਲ ਭਾਵਨਾ ਦੇ ਖਿਲਾਫ ਹੈ, ਇਸ ਲੇਖ ਵਿੱਚ ਭਾਰਤ ਦੀ ਆਕਸਫੈਮ ਇੰਡੀਆ ਦੀ 2021 ਦੀ ਰਿਪੋਰਟ ਦੇ ਆਧਾਰਤ ਲੇਖ ਦਾ ਅਨੁਵਾਦ ਹੈ।

ਅਮੀਰਾਂ 'ਤੇ ਟੈਕਸ ਕਿਉਂ ਲਗਾਇਆ ਜਾਵੇ? ਇਹ ਲਿਖਤ ਅਮੀਰਾਂ 'ਤੇ ਟੈਕਸ ਕਿਉਂ ਲਗਾਇਆ ਜਾਵੇ, ਇੰਡੀਆ ਸਪਲੀਮੈਂਟ ਅਪੂਰਵ ਮਹੇਂਦਰੂ, ਕਨਿਸ਼ਕ ਗੋਮਸ, ਮਯੂਰਾਕਸ਼ੀ ਦੱਤਾ, ਨੂਪੁਰ ਅਤੇ ਪ੍ਰਵਾਸ ਰੰਜਨ ਮਿਸ਼ਰਾ ਦੁਆਰਾ ਲਿਖੇ ਗਏ '**ਸਰਵਾਈਵਲ ਆਫ ਦ ਰਿਚੈਸਟ, ਦ ਇੰਡੀਆ ਸਟੋਰੀ**' ਦੀ ਲਿਖਤ ਦੇ ਭਾਗ ਦਾ ਅਨੁਵਾਦ ਹੈ। ਲੇਖਕਾਂ ਨੂੰ ਆਕਸਫੈਮ ਇੰਡੀਆ ਦੇ ਸੀਈਓ ਅਮਿਤਾਭ ਬਿਹਾਰ ਨਾਲ ਗੱਲਬਾਤ ਅਤੇ ਉਨ੍ਹਾਂ ਦੇ ਨਿਰੰਤਰ ਮਾਰਗਦਰਸ਼ਨ ਤੋਂ ਬਹੁਤ ਲਾਭ ਹੋਇਆ। ਤੇਜਸ ਪਟੇਲ, ਸੈਵੀ ਸੌਮਿਆ ਮਿਸ਼ਰਾ, ਅਭਿਰ ਵੇਲਾਂਡੀ ਪਲਟ ਅਤੇ ਅਕਸ਼ੈ ਤਰਫੇ ਨੇ ਰਿਪੋਰਟ ਦੀ ਸ਼ੁਰੂਆਤ ਤੋਂ ਲੈ ਕੇ ਇਸਦੇ ਅੰਤ ਤੱਕ ਮਹੱਤਵਪੂਰਨ ਅਤੇ ਸਮੇਂ ਸਿਰ ਸਹਾਇਤਾ ਦੀ ਪੇਸ਼ਕਸ਼ ਕੀਤੀ। ਨੈਸ਼ਨਲ ਇੰਸਟੀਚਿਊਟ ਆਫ਼ ਪਬਲਿਕ ਫਾਈਨੈਂਸ ਐਂਡ ਪਾਲਿਸੀ ਤੋਂ ਡਾ. ਸੁਕੰਨਿਆ ਬੋਸ ਨੇ ਬਜਟ ਨਾਲ ਸਬੰਧਤ ਚਿੰਤਾਵਾਂ 'ਤੇ ਟੀਮ ਦਾ ਸਮਰਥਨ ਕੀਤਾ। ਆਕਸਫੈਮ ਇੰਟਰਨੈਸ਼ਨਲ ਨੇ ਦੌਲਤ ਡੇਟਾ ਪ੍ਰਦਾਨ ਕੀਤਾ। ਪ੍ਰਿਯੰਕਾ ਸਰਕਾਰ ਅਤੇ ਆਨੰਦਿਤਾ ਬਿਸ਼ਨੋਈ ਨੇ ਕ੍ਰਮਵਾਰ ਰਿਪੋਰਟ ਦੀ ਕਾਪੀ ਸੰਪਾਦਨ ਅਤੇ ਡਿਜ਼ਾਈਨ ਕੀਤਾ।

ਜੇਕਰ ਟੈਕਸ ਢਾਂਚੇ ਪ੍ਰਗਤੀਸ਼ੀਲ ਪ੍ਰਕਿਰਤੀ ਦੇ ਨਹੀਂ ਹਨ ਤਾਂ ਟੈਕਸ ਆਪਣੇ ਆਪ ਵਿੱਚ ਅਸਮਾਨਤਾਵਾਂ ਨੂੰ ਵਧਾ ਸਕਦਾ ਹੈ। 2020-21 ਵਿੱਚ, ਕਾਰਪੋਰੇਟਾਂ ਨੂੰ ਪ੍ਰੋਤਸਾਹਨ ਅਤੇ ਟੈਕਸ ਛੋਟਾਂ ਦੇ ਰੂਪ ਵਿੱਚ ਸਰਕਾਰ ਦਾ ਅਨੁਮਾਨਿਤ ਮਾਲੀਆ 1,03,285.54 ਕਰੋੜ ਰੁਪਏ ਸੀ, ਜੋ ਕਿ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਮਨਰੇਗਾ) ਲਈ ਅਲਾਟਮੈਂਟ ਤੋਂ ਥੋੜ੍ਹਾ ਜ਼ਿਆਦਾ ਹੈ।

ਅਮੀਰ ਲੋਕਾਂ ਅਤੇ ਕਾਰਪੋਰੇਸ਼ਨਾਂ 'ਤੇ ਨਿਰਪੱਖ ਤੌਰ 'ਤੇ ਟੈਕਸ ਲਗਾਉਣ ਵਿੱਚ ਅਸਫਲਤਾ ਨਾ ਸਿਰਫ ਅਸਮਾਨਤਾ ਨੂੰ ਘਟਾਉਣ ਦਾ ਇੱਕ ਖੁੰਝਿਆ ਹੋਇਆ ਮੌਕਾ ਹੈ - ਇਹ ਅਸਲ ਵਿੱਚ ਇਸਨੂੰ ਹੋਰ ਵੀ ਵਿਗਾੜਦਾ ਹੈ, ਕਿਉਂਕਿ ਸਰਕਾਰਾਂ ਨੂੰ ਸਮਾਜ ਦੇ ਬਾਕੀ ਹਿੱਸਿਆਂ 'ਤੇ ਹੋਰ ਟੈਕਸ ਲਗਾਉਣਾ ਪੈਂਦਾ ਹੈ, ਜਾਂ ਸਿਹਤ, ਸਿੱਖਿਆ ਅਤੇ ਹੋਰ ਜਨਤਕ ਸੇਵਾਵਾਂ, ਅਤੇ ਸਮਾਜਿਕ ਸੁਰੱਖਿਆ 'ਤੇ ਖਰਚ ਘਟਾਉਣਾ ਪੈਂਦਾ ਹੈ ਜੋ ਅਸਮਾਨਤਾ ਨੂੰ ਘਟਾਉਣ ਦਾ ਸਮਰਥਨ ਕਰਦੇ ਹਨ।

ਵੈਟ ਵਰਗੇ ਖਪਤ ਟੈਕਸਾਂ 'ਤੇ ਭਾਰੀ ਨਿਰਭਰਤਾ ਅਸਮਾਨਤਾ ਨੂੰ ਵਧਾਉਂਦੀ ਹੈ ਅਤੇ ਇਹ ਪ੍ਰਕਿਰਤੀ ਵਿੱਚ ਪ੍ਰਤੀਗਾਮੀ ਹੈ ਕਿਉਂਕਿ ਗਰੀਬ ਲੋਕ ਆਪਣੀ ਆਮਦਨ ਦਾ ਵੱਡਾ ਹਿੱਸਾ ਅਦਾ ਕਰਦੇ ਹਨ।

ਸਮੁੱਚੇ-ਭਾਰਤ ਪੱਧਰ 'ਤੇ ਆਬਾਦੀ ਦਾ ਹੇਠਲਾ 50 ਪ੍ਰਤੀਸ਼ਤ ਸਿਖਰਲੇ 10 ਪ੍ਰਤੀਸ਼ਤ ਦੇ ਮੁਕਾਬਲੇ ਆਮਦਨ ਦੇ ਪ੍ਰਤੀਸ਼ਤ ਵਜੋਂ ਅਸਿੱਧੇ ਟੈਕਸ 'ਤੇ ਛੇ ਗੁਣਾ ਜ਼ਿਆਦਾ ਭੁਗਤਾਨ ਕਰਦਾ ਹੈ। ਇਨ੍ਹਾਂ ਖਾਣ-ਪੀਣ ਵਾਲੀਆਂ ਅਤੇ ਗ਼ੈਰ-ਖੁਰਾਕੀ ਵਸਤਾਂ ਤੋਂ ਇਕੱਠੇ ਕੀਤੇ ਗਏ ਕੁੱਲ ਟੈਕਸਾਂ ਵਿੱਚੋਂ, ਕੁੱਲ ਟੈਕਸ ਦਾ 64.3 ਪ੍ਰਤੀਸ਼ਤ ਹੇਠਲੇ 50 ਪ੍ਰਤੀਸ਼ਤ ਤੋਂ ਆ ਰਿਹਾ ਹੈ। ਕੁੱਲ ਜੀਐਸਟੀ ਦਾ ਦੋ ਤਿਹਾਈ ਤੋਂ ਥੋੜ੍ਹਾ ਘੱਟ ਹੇਠਲੇ 50 ਪ੍ਰਤੀਸ਼ਤ ਤੋਂ, ਇੱਕ ਤਿਹਾਈ ਮੱਧਮ 40 ਪ੍ਰਤੀਸ਼ਤ ਤੋਂ ਅਤੇ ਸਿਰਫ਼ ਤਿੰਨ ਤੋਂ ਚਾਰ ਪ੍ਰਤੀਸ਼ਤ ਉੱਪਰਲੇ 10 ਪ੍ਰਤੀਸ਼ਤ ਤੋਂ ਆ ਰਿਹਾ ਹੈ।

## ਅਮੀਰਾਂ ਦੀ ਦੌਲਤ 'ਤੇ ਟੈਕਸ ਲਗਾਉਣ ਦੀ ਵਕਾਲਤ ਕੀਤੀ

ਆਕਸਫੈਮ ਦੁਆਰਾ ਸਾਲਾਂ ਤੋਂ ਸਭ ਤੋਂ ਅਮੀਰਾਂ ਦੀ ਦੌਲਤ 'ਤੇ ਟੈਕਸ ਲਗਾਉਣ ਦੀ ਵਕਾਲਤ ਕੀਤੀ ਜਾ ਰਹੀ ਹੈ। ਇਸ ਦੇ ਪਿੱਛੇ ਤਰਕ ਇਹ ਰਿਹਾ ਹੈ ਕਿ ਦੇਸ਼ ਦੀ ਸਭ ਤੋਂ ਕਰੀਮੀ ਪਰਤ ਦੁਆਰਾ ਦੌਲਤ ਇਕੱਠੀ ਕੀਤੀ ਜਾਂਦੀ ਹੈ ਅਤੇ ਇਸ 'ਤੇ ਟੈਕਸ ਲਗਾਉਣ ਨਾਲ ਭਾਰੀ ਮਾਲੀਆ ਪੈਦਾ ਹੋ ਸਕਦਾ ਹੈ, ਜਿਸਨੂੰ ਫਿਰ ਦੇਸ਼ ਦੇ ਸਮਾਜਿਕ ਖੇਤਰਾਂ ਦੇ ਵਿਕਾਸ ਲਈ ਮੁੜ ਨਿਰਦੇਸ਼ਤ ਕੀਤਾ ਜਾ ਸਕਦਾ ਹੈ। ਇਸ ਵਿੱਚ ਅਮੀਰਾਂ ਦੁਆਰਾ ਸਰੋਤ ਇਕੱਠਾ ਕਰਨ ਨੂੰ ਗਰੀਬਾਂ ਵਿੱਚ ਵੀ ਮੁੜ ਵੰਡਣ ਦੀ ਸਮਰੱਥਾ ਹੈ, ਅਤੇ ਫਿਰ ਦੇਸ਼ ਵਿੱਚ ਗਰੀਬੀ ਅਤੇ ਅਸਮਾਨਤਾ ਨੂੰ ਘਟਾ ਸਕਦਾ ਹੈ। ਵੰਡ ਦੇ ਸਿਖਰ 'ਤੇ ਟੈਕਸ ਪ੍ਰਗਤੀਸ਼ੀਲਤਾ ਨੂੰ ਬਹਾਲ ਕਰਨ ਲਈ ਦੌਲਤ ਟੈਕਸ ਸਭ ਤੋਂ ਸਿੱਧਾ ਅਤੇ ਸ਼ਕਤੀਸ਼ਾਲੀ ਸਾਧਨ ਹੋਣ ਦੀ ਸੰਭਾਵਨਾ ਹੈ। ਉੱਚ ਛੋਟ ਸੀਮਾ ਵਾਲਾ ਇੱਕ ਦੌਲਤ ਟੈਕਸ ਖਾਸ ਤੌਰ 'ਤੇ ਸਭ ਤੋਂ ਅਮੀਰਾਂ ਨੂੰ ਨਿਸ਼ਾਨਾ ਬਣਾਉਂਦਾ ਹੈ ਅਤੇ ਇਸ ਬੇਇਨਸਾਫ਼ੀ ਨੂੰ ਹੱਲ ਕਰ ਸਕਦਾ ਹੈ।

## ਜਨਤਕ ਭਲਾਈ ਲਈ ਟੈਕਸ ਲਗਾਉਣਾ

ਪ੍ਰਗਤੀਸ਼ੀਲ ਟੈਕਸਾਂ ਤੋਂ ਹੋਣ ਵਾਲੀ ਆਮਦਨ ਦੇਸ਼ ਦੀ ਸਿਹਤ ਅਤੇ ਸਿੱਖਿਆ ਪ੍ਰਣਾਲੀ ਨੂੰ ਫੰਡ ਦੇਣ ਦੀ ਸਮਰੱਥਾ ਰੱਖਦੀ ਹੈ। ਆਕਸਫੈਮ ਇੰਡੀਆ ਦੇ ਅਨੁਮਾਨ ਦੱਸਦੇ ਹਨ ਕਿ:

i. ਭਾਰਤੀ ਅਰਬਪਤੀਆਂ 'ਤੇ ਜਾਇਦਾਦ ਟੈਕਸ ਦਾ ਤਿੰਨ ਪ੍ਰਤੀਸ਼ਤ ਰਾਸ਼ਟਰੀ ਸਿਹਤ ਮਿਸ਼ਨ ਨੂੰ ਫੰਡ ਦੇ ਸਕਦਾ ਹੈ, ਜੋ ਕਿ ਭਾਰਤ ਦੀ ਸਭ ਤੋਂ ਵੱਡੀ ਸਿਹਤ ਸੰਭਾਲ ਯੋਜਨਾ ਹੈ ਜਿਸ ਲਈ 3 ਸਾਲਾਂ ਲਈ 37,800 ਕਰੋੜ ਰੁਪਏ ਦੀ ਵੰਡ ਕੀਤੀ ਗਈ ਹੈ।

ii. ਚੋਟੀ ਦੇ 10 ਅਰਬਪਤੀਆਂ 'ਤੇ 5 ਪ੍ਰਤੀਸ਼ਤ ਟੈਕਸ ਲਗਾਉਣ ਨਾਲ ਪੰਜ ਸਾਲਾਂ ਲਈ ਕਬਾਇਲੀ ਸਿਹਤ ਸੰਭਾਲ ਦੀ ਪੂਰੀ ਲਾਗਤ ਨੂੰ ਪੂਰਾ ਕਰਨ ਵਿੱਚ ਮਦਦ ਮਿਲੇਗੀ।

iii. ਵਿੱਤੀ ਸਾਲ 2021-22 ਵਿੱਚ, ਪੂਰੀ ਕਵਰੇਜ 'ਤੇ, ਇਹ ਅੰਦਾਜ਼ਾ ਲਗਾਇਆ ਗਿਆ ਸੀ ਕਿ ਸਪਲੀਮੈਂਟਰੀ ਨਿਊਟ੍ਰੀਸ਼ਨ ਪ੍ਰੋਗਰਾਮ (SNP) ਨੂੰ ਫੰਡ ਦੇਣ ਲਈ 42,033 ਕਰੋੜ ਰੁਪਏ ਦੀ ਲੋੜ ਸੀ। ਭਾਰਤ ਦੇ ਸਾਰੇ ਅਰਬਪਤੀਆਂ 'ਤੇ 2 ਪ੍ਰਤੀਸ਼ਤ ਟੈਕਸ ਲਗਾਉਣ ਨਾਲ ਦੇਸ਼ ਵਿੱਚ ਕੁਪੋਸ਼ਣ ਵਾਲੇ ਲੋਕਾਂ ਦੇ ਪੋਸ਼ਣ ਲਈ 42,033 ਕਰੋੜ ਰੁਪਏ ਦੀ ਲੋੜ ਨੂੰ 3 ਸਾਲਾਂ ਲਈ ਪੂਰਾ ਕੀਤਾ ਜਾਵੇਗਾ।




iv. ਸਿਹਤ 'ਤੇ ਖਰਚ ਨੂੰ ਕੁੱਲ ਘਰੇਲੂ ਉਤਪਾਦ (GDP) ਦੇ 3 ਪ੍ਰਤੀਸ਼ਤ ਤੱਕ ਵਧਾਉਣ ਲਈ, ਕੁੱਲ 1,06,600 ਕਰੋੜ ਰੁਪਏ ਦੇ ਖਰਚੇ ਦੀ ਲੋੜ ਹੋਵੇਗੀ। ਇਹ ਪੈਸਾ ਚੋਟੀ ਦੇ 100 ਅਰਬਪਤੀਆਂ 'ਤੇ 2 ਪ੍ਰਤੀਸ਼ਤ ਟੈਕਸ ਲਗਾ ਕੇ ਇਕੱਠਾ ਕੀਤਾ ਜਾ ਸਕਦਾ ਹੈ।

v. 2022-23 ਵਿੱਚ ਭਾਰਤ ਵਿੱਚ ਸਕੂਲ ਸਿੱਖਿਆ 'ਤੇ ਸਭ ਤੋਂ ਵੱਡੀ ਕੇਂਦਰੀ ਸਪਾਂਸਰਡ ਯੋਜਨਾ (CSS) - ਸਮਗਰ ਸਿੱਖਿਆ ਲਈ ਫੰਡ 2021-22 ਵਿੱਚ ਸਿੱਖਿਆ ਮੰਤਰਾਲੇ ਦੁਆਰਾ ਮੰਗੇ ਗਏ (58,585 ਕਰੋੜ ਰੁਪਏ) ਨਾਲੋਂ ਬਹੁਤ ਘੱਟ (37,383 ਕਰੋੜ ਰੁਪਏ) ਸਨ। ਸਭ ਤੋਂ ਅਮੀਰ 10 ਅਰਬਪਤੀਆਂ 'ਤੇ 1 ਪ੍ਰਤੀਸ਼ਤ ਟੈਕਸ ਲਗਾਉਣਾ ਇਸ ਘਾਟ ਨੂੰ 1.3 ਸਾਲਾਂ ਲਈ ਪੂਰਾ ਕਰਨ ਲਈ ਕਾਫ਼ੀ ਹੋਵੇਗਾ। ਉਨ੍ਹਾਂ 'ਤੇ 4 ਪ੍ਰਤੀਸ਼ਤ ਟੈਕਸ ਲਗਾਉਣ ਨਾਲ ਦੋ ਸਾਲਾਂ ਲਈ ਲੋੜੀਂਦੇ ਫੰਡਾਂ ਦੀ ਪੂਰੀ ਰਕਮ ਪੂਰੀ ਹੋ ਜਾਵੇਗੀ।

vi. ਸਕੂਲ ਤੋਂ ਬਾਹਰ ਬੱਚਿਆਂ ਨੂੰ ਸਕੂਲ ਵਾਪਸ ਲਿਆਉਣ ਅਤੇ ਉਨ੍ਹਾਂ ਨੂੰ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਲਈ ਕੁੱਲ 1.4 ਲੱਖ ਕਰੋੜ ਰੁਪਏ ਦੀ ਲੋੜ ਹੋਵੇਗੀ। ਚੋਟੀ ਦੇ 100 ਭਾਰਤੀ ਅਰਬਪਤੀਆਂ 'ਤੇ 2.5 ਪ੍ਰਤੀਸ਼ਤ ਟੈਕਸ ਲਗਾਉਣਾ, ਜਾਂ ਚੋਟੀ ਦੇ 10 ਭਾਰਤੀ ਅਰਬਪਤੀਆਂ 'ਤੇ 5 ਪ੍ਰਤੀਸ਼ਤ ਟੈਕਸ ਲਗਾਉਣਾ ਬੱਚਿਆਂ ਨੂੰ ਸਕੂਲ ਵਾਪਸ ਲਿਆਉਣ ਲਈ ਲੋੜੀਂਦੀ ਸਾਰੀ ਰਕਮ ਨੂੰ ਕਵਰ ਕਰੇਗਾ।

vii. NEP 2020 ਦੇ ਮਿਡ-ਡੇਅ ਮੀਲ ਸਕੀਮ ਨੂੰ ਨਾਸ਼ਤੇ ਦੀ ਯੋਜਨਾ ਨਾਲ ਜੋੜਨ ਦੇ ਪ੍ਰਸਤਾਵ ਨੂੰ ਕੇਂਦਰੀ ਵਿੱਤ ਮੰਤਰਾਲੇ ਨੇ ਫੰਡਾਂ ਦੀ ਘਾਟ ਦੱਸਦੇ ਹੋਏ ਰੱਦ ਕਰ ਦਿੱਤਾ ਸੀ। ਜੇਕਰ ਕੋਈ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਨਾਸ਼ਤੇ ਦੀ ਸੇਵਾ ਦੇਣ ਲਈ ਲੋੜੀਂਦੇ ਸਰੋਤਾਂ ਦੀ ਗਣਨਾ ਕਰਦਾ ਹੈ, ਤਾਂ ਸਰਕਾਰ ਨੂੰ 31,151 ਕਰੋੜ ਰੁਪਏ ਦੀ ਲੋੜ ਹੋਵੇਗੀ। ਸਭ ਤੋਂ ਅਮੀਰ 100 ਭਾਰਤੀ ਅਰਬਪਤੀਆਂ 'ਤੇ 2 ਪ੍ਰਤੀਸ਼ਤ ਟੈਕਸ ਲਗਾਉਣ ਨਾਲ ਇਸ ਯੋਜਨਾ ਨੂੰ ਲਗਭਗ 3.5 ਸਾਲਾਂ ਲਈ ਚਲਾਉਣ ਦੀ ਲਾਗਤ ਪੂਰੀ ਹੋਵੇਗੀ।viii. ਐਲੀਮੈਂਟਰੀ ਸਕੂਲਾਂ ਵਿੱਚ ਖਾਲੀ ਅਸਾਮੀਆਂ ਨੂੰ ਭਰਨ ਲਈ, 2040.3 ਕਰੋੜ ਰੁਪਏ ਦੀ ਰਕਮ ਦੀ ਲੋੜ ਹੋਵੇਗੀ। ਇਹ 10 ਸਭ ਤੋਂ ਅਮੀਰ ਭਾਰਤੀ ਅਰਬਪਤੀਆਂ 'ਤੇ 1 ਪ੍ਰਤੀਸ਼ਤ ਟੈਕਸ ਲਗਾ ਕੇ ਇਕੱਠਾ ਕੀਤਾ ਜਾ ਸਕਦਾ ਹੈ, ਜੋ 13 ਸਾਲਾਂ ਲਈ ਲੋੜੀਂਦੀ ਰਕਮ ਨੂੰ ਫੰਡ ਕਰ ਸਕਦਾ ਹੈ। 100 ਸਭ ਤੋਂ ਅਮੀਰ ਭਾਰਤੀ ਅਰਬਪਤੀਆਂ 'ਤੇ 1 ਪ੍ਰਤੀਸ਼ਤ ਟੈਕਸ ਲਗਾਉਣ ਨਾਲ 26 ਸਾਲਾਂ ਲਈ ਖਾਲੀ ਅਸਾਮੀਆਂ ਨੂੰ ਫੰਡ ਕੀਤਾ ਜਾ ਸਕਦਾ ਹੈ।

## ਸਿਫ਼ਾਰਸ਼ਾਂ

ਵਧ ਰਹੀ ਦੌਲਤ ਦੀ ਅਸਮਾਨਤਾ ਮੌਜੂਦਾ ਅਸਮਾਨਤਾਵਾਂ ਨੂੰ ਘਟਾਉਣ ਅਤੇ ਗਰੀਬਾਂ ਲਈ ਜਨਤਕ ਸੇਵਾਵਾਂ ਤੱਕ ਪਹੁੰਚ ਵਧਾਉਣ ਲਈ ਤੁਰੰਤ ਦਖਲਅੰਦਾਜ਼ੀ ਦੀ ਮੰਗ ਕਰਦੀ ਹੈ। ਉਪਰੋਕਤ ਨੂੰ ਦੇਖਦੇ ਹੋਏ, ਆਕਸਫੈਮ ਇੰਡੀਆ ਹੇਠ ਲਿਖੇ ਉਪਾਵਾਂ ਦੀ ਸਿਫ਼ਾਰਸ਼ ਕਰਦਾ ਹੈ:

i. ਸਭ ਤੋਂ ਅਮੀਰ 1 ਪ੍ਰਤੀਸ਼ਤ ਦੀ ਦੌਲਤ 'ਤੇ ਟੈਕਸ ਲਗਾਉਣਾ: ਸਭ ਤੋਂ ਅਮੀਰ ਕੁਲੀਨ ਵਰਗ ਦਾ ਨੀਤੀ ਨਿਰਮਾਣ ਅਤੇ ਰਾਜਨੀਤੀ 'ਤੇ ਅਣਉਚਿਤ ਪ੍ਰਭਾਵ ਹੁੰਦਾ ਹੈ, ਜੋ ਉਨ੍ਹਾਂ ਨੂੰ ਹੋਰ ਵੀ ਦੌਲਤ ਇਕੱਠੀ ਕਰਨ ਦੀ ਆਗਿਆ ਦਿੰਦਾ ਹੈ। ਸਾਨੂੰ ਇਸ ਦੁਸ਼ਟ ਚੱਕਰ ਨੂੰ ਤੋੜਨਾ ਚਾਹੀਦਾ ਹੈ। ਇਸਦਾ ਮਤਲਬ ਹੈ ਕਿ ਕਰੋੜਪਤੀਆਂ, ਬਹੁ-ਕਰੋੜਪਤੀਆਂ ਅਤੇ ਅਰਬਪਤੀਆਂ ਲਈ ਉੱਚ ਦਰਾਂ ਦੇ ਨਾਲ, ਚੋਟੀ ਦੇ 1 ਪ੍ਰਤੀਸ਼ਤ ਦੀ ਸ਼ੁੱਧ ਦੌਲਤ 'ਤੇ ਸਥਾਈ ਤੌਰ 'ਤੇ ਟੈਕਸ ਲਗਾਉਣਾ।

ii. ਗਰੀਬਾਂ ਅਤੇ ਹਾਸ਼ੀਏ 'ਤੇ ਪਏ ਲੋਕਾਂ 'ਤੇ ਟੈਕਸ ਦੇ ਬੋਝ ਨੂੰ ਸੌਖਾ ਕਰਨਾ: ਸਰਕਾਰ ਨੂੰ ਜ਼ਰੂਰੀ ਵਸਤੂਆਂ 'ਤੇ GST ਸਲੈਬਾਂ ਨੂੰ ਘਟਾਉਣਾ ਚਾਹੀਦਾ ਹੈ, ਜੋ ਕਿ ਜ਼ਿਆਦਾਤਰ ਗਰੀਬ ਅਤੇ ਮੱਧ ਵਰਗ ਦੇ ਖਰਚ ਕਰਨ ਦੀਆਂ ਆਦਤਾਂ ਦਾ ਹਿੱਸਾ ਹਨ, ਅਤੇ ਲਗਜ਼ਰੀ ਵਸਤੂਆਂ 'ਤੇ ਟੈਕਸ ਵਧਾਉਣਾ ਚਾਹੀਦਾ ਹੈ। ਇਸ ਨਾਲ ਮਾਲੀਆ ਪੈਦਾ ਹੋਵੇਗਾ, ਜੋ ਕਿ ਪ੍ਰਗਤੀਸ਼ੀਲ ਪ੍ਰਕਿਰਤੀ ਵਾਲਾ ਹੈ ਅਤੇ ਗਰੀਬਾਂ 'ਤੇ ਬੋਝ ਨੂੰ ਘਟਾਏਗਾ।

iii. ਸਿਹਤ ਅਤੇ ਸਿੱਖਿਆ ਵਰਗੀਆਂ ਜਨਤਕ ਸੇਵਾਵਾਂ ਤੱਕ ਪਹੁੰਚ ਵਿੱਚ ਸੁਧਾਰ ਕਰੋ:

ਜਨਤਕ ਸਿਹਤ ਸੰਭਾਲ ਪ੍ਰਣਾਲੀ ਨੂੰ ਮੁੜ ਸੁਰਜੀਤ ਕਰਨ, ਜੇਬ ਤੋਂ ਬਾਹਰ (OOP) ਖਰਚਿਆਂ ਨੂੰ ਘਟਾਉਣ ਅਤੇ ਸਿਹਤ ਰੋਕਥਾਮ ਅਤੇ ਤਰੱਕੀ ਨੂੰ ਮਜ਼ਬੂਤ ਕਰਨ ਲਈ, 2025 ਤੱਕ ਸਿਹਤ ਲਈ ਬਜਟ ਵੰਡ ਨੂੰ GDP ਦੇ 2.5 ਪ੍ਰਤੀਸ਼ਤ ਤੱਕ ਵਧਾਓ।

• ਜ਼ਿਲ੍ਹਾ ਹਸਪਤਾਲਾਂ ਦੇ ਨਾਲ ਮੈਡੀਕਲ ਕਾਲਜ ਸਥਾਪਤ ਕਰੋ, ਖਾਸ ਕਰਕੇ ਪਹਾੜੀ, ਕਬਾਇਲੀ ਜਾਂ ਪੇਂਡੂ ਖੇਤਰਾਂ ਵਿੱਚ ਜਿੱਥੇ ਸਿਹਤ ਬੁਨਿਆਦੀ ਢਾਂਚਾ ਮਾੜਾ ਹੈ। ਇਹ ਡਾਕਟਰੀ ਸੇਵਾਵਾਂ ਅਤੇ ਮਨੁੱਖੀ ਸਰੋਤਾਂ ਦੀ ਉਪਲਬਧਤਾ ਨੂੰ ਸੁਵਿਧਾਜਨਕ ਬਣਾਉਣ ਦੇ ਨਾਲ-ਨਾਲ ਦੇਸ਼ ਵਿੱਚ ਡਾਕਟਰੀ ਪੇਸ਼ੇਵਰਾਂ ਦੀ ਗਿਣਤੀ ਵਧਾਏਗਾ।

ਪ੍ਰਾਇਮਰੀ ਸਿਹਤ ਕੇਂਦਰਾਂ (PHCs) ਨੂੰ ਮਜ਼ਬੂਤ ਕਰੋ। ਭਾਰਤੀ ਜਨਤਕ ਸਿਹਤ ਮਿਆਰ (IPHS) ਦੇ ਨਿਯਮਾਂ ਅਨੁਸਾਰ ਲੋੜੀਂਦੀ ਗਿਣਤੀ ਵਿੱਚ ਡਾਕਟਰਾਂ, ਨਰਸਾਂ, ਪੈਰਾਮੈਡਿਕਸ, ਉਪਕਰਣਾਂ ਅਤੇ ਹੋਰ ਬੁਨਿਆਦੀ ਢਾਂਚਾਗਤ ਜ਼ਰੂਰਤਾਂ ਵਾਲੇ ਕਮਿਊਨਿਟੀ ਸਿਹਤ ਕੇਂਦਰ (CHCs) ਅਤੇ ਸਰਕਾਰੀ ਹਸਪਤਾਲ ਲੋਕਾਂ ਦੇ ਨਿਵਾਸ ਜਾਂ ਕਾਰਜ ਸਥਾਨ ਤੋਂ ਕਿਲੋਮੀਟਰ ਦੇ ਘੇਰੇ ਵਿੱਚ ਗੁਣਵੱਤਾ ਵਾਲੀ ਸਿਹਤ ਸੇਵਾ ਉਪਲਬਧ ਕਰਵਾਉਣ ਲਈ।

ਰਾਸ਼ਟਰੀ ਸਿੱਖਿਆ ਨੀਤੀ ਵਿੱਚ ਵਚਨਬੱਧਤਾ ਅਨੁਸਾਰ, ਸਿੱਖਿਆ ਲਈ ਬਜਟ ਵੰਡ ਨੂੰ GDP ਦੇ 6 ਪ੍ਰਤੀਸ਼ਤ ਦੇ ਗਲੋਬਲ ਬੈਂਚਮਾਰਕ ਤੱਕ ਵਧਾਓ। ਸਰਕਾਰ ਨੂੰ 6 ਪ੍ਰਤੀਸ਼ਤ ਦੇ ਅੰਕੜੇ ਨੂੰ ਪ੍ਰਾਪਤ ਕਰਨ ਲਈ ਇੱਕ ਸਾਲ-ਵਾਰ ਵਿੱਤੀ ਰੋਡਮੈਪ ਤਿਆਰ ਕਰਨਾ ਚਾਹੀਦਾ ਹੈ। • ਹਾਸ਼ੀਏ 'ਤੇ ਪਏ ਵਰਗਾਂ (ਐਸਸੀ/ਐਸਟੀ/ਲੜਕੀਆਂ) ਦੇ ਵਿਦਿਆਰਥੀਆਂ ਦੀ ਵਿਦਿਅਕ ਸਥਿਤੀ ਨੂੰ ਬਿਹਤਰ ਬਣਾਉਣ ਲਈ ਪ੍ਰੋਗਰਾਮਾਂ [ਉਦਾਹਰਣ ਵਜੋਂ: ਪ੍ਰੀ ਮੈਟ੍ਰਿਕ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ] 'ਤੇ ਵਧੇਰੇ ਖਰਚ ਕਰਕੇ ਸਿੱਖਿਆ ਵਿੱਚ ਮੌਜੂਦਾ ਅਸਮਾਨਤਾਵਾਂ ਨੂੰ ਘਟਾਓ।

ਸੁਰੱਖਿਆ ਜਾਲਾਂ ਅਤੇ ਕਿਰਤ ਦੀ ਸੌਦੇਬਾਜ਼ੀ ਸ਼ਕਤੀ ਨੂੰ ਮਜ਼ਬੂਤ ਕਰੋ

• ਮਹਿੰਗਾਈ ਅਤੇ ਨਤੀਜੇ ਵਜੋਂ, ਜੀਵਨ ਦੀ ਲਾਗਤ ਵਿੱਚ ਵਾਧਾ ਗਰੀਬ ਅਤੇ ਮੱਧ ਵਰਗ ਨੂੰ ਵਧੇਰੇ ਨੁਕਸਾਨ ਪਹੁੰਚਾਉਂਦਾ ਹੈ। ਗੈਰ-ਰਸਮੀ ਅਰਥਵਿਵਸਥਾ ਵਿੱਚ ਭਾਰਤ ਦੀ 90 ਪ੍ਰਤੀਸ਼ਤ ਕਿਰਤ ਸ਼ਕਤੀ ਅਰਥਵਿਵਸਥਾ ਨੂੰ ਭਾਰੀ ਸੱਟਾਂ ਤੋਂ ਬਚਾਉਣ ਲਈ ਕਿਸੇ ਸੁਰੱਖਿਆ ਜਾਲ ਤੋਂ ਬਿਨਾਂ ਹੈ। ਇਸ ਉਦੇਸ਼ ਲਈ, ਸਾਡੇ ਕਾਰਜਬਲਾਂ, ਖਾਸ ਕਰਕੇ ਗੈਰ-ਰਸਮੀ ਖੇਤਰ ਵਿੱਚ ਕੰਮ ਕਰਨ ਵਾਲਿਆਂ ਲਈ ਸਮਾਜਿਕ ਸੁਰੱਖਿਆ ਨੂੰ ਯਕੀਨੀ ਬਣਾਉਣਾ, ਅਤੇ ਦੇਸ਼ ਦੇ ਮਜ਼ਦੂਰ ਵਰਗ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਾਲੇ ਨਿਗਰਾਨੀ ਅਤੇ ਟਰੈਕਿੰਗ ਵਿਧੀਆਂ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ।

# ਕਾਂਗਰਸ,ਭਾਜਪਾ,ਅਕਾਲੀ ਅਤੇ ਆਪ ਨੇ ਹਮੇਸ਼ਾ ਬਾਬਾ ਸਾਹਿਬ ਜੀ ਦੇ ਨਾਮ ਤੇ ਬਹੁਜਨ ਸਮਾਜ ਨੂੰ ਗੁੰਮਰਾਹ ਕੀਤਾ : ਠੇਕੇਦਾਰ ਭਗਵਾਨ ਦਾਸ ਸਿੱਧੂ

"Equality and justice"
Patiala 30 June
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 30 ਜੂਨ ( ਤਰਸੇਮ ਦੀਵਾਨਾ ) ਭਾਰਤੀ ਸੰਵਿਧਾਨ ਦੇ ਨਿਰਮਾਤਾ, ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤਾਂ ਦੇ ਅਪਮਾਨ ਦੇ ਵਿਰੋਧ ਵਿੱਚ ਬਹੁਜਨ ਸਮਾਜ ਪਾਰਟੀ ਵਲੋ ਸ੍ਰੀ ਖੁਰਾਲਗੜ ਸਾਹਿਬ ਤੋਂ ਗੜਸ਼ੰਕਰ ਤੱਕ ਕੀਤੇ ਜ਼ੋਰਦਾਰ ਰੋਸ ਵਿਖਾਵੇ ਦਾ ਅਸਰ ਦਿਖਾਈ ਦੇਣਾ ਸ਼ੁਰੂ ਹੋ ਗਿਆ ਹੈ, ਹਮੇਸ਼ਾ ਬਾਬਾ ਸਾਹਿਬ ਦਾ ਵਿਰੋਧ ਕਰਨ ਵਾਲੀ ਕਾਂਗਰਸ ਨੂੰ ਸੰਵਿਧਾਨ ਬਚਾਉਣ ਦੀ ਚਿੰਤਾ ਲੱਗ ਗਈ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਠੇਕੇਦਾਰ ਭਗਵਾਨ ਦਾਸ ਸਿੱਧੂ ਜਨਰਲ ਸਕੱਤਰ ਪੰਜਾਬ ਬਸਪਾ ਨੇ ਕਿਹਾ ਕਿ ਸੰਵਿਧਾਨ ਬਚਾਓ ਰੈਲੀਆਂ ਕਰਨ ਵਾਲੇ ਸੰਵਿਧਾਨ ਲਿਖਣ ਵਾਲੇ ਡਾ. ਅੰਬੇਡਕਰ ਜੀ ਦੇ ਬੁੱਤਾਂ ਦੇ ਅਪਮਾਨ ਤੇ ਕਿਉਂ ਨਹੀਂ ਬੋਲਦੇ। ਉਨਾਂ ਕਿਹਾ ਕਿ ਕਾਂਗਰਸ, ਭਾਜਪਾ, ਅਕਾਲੀ ਅਤੇ ਆਮ ਆਦਮੀ ਪਾਰਟੀ ਨੇ ਹਮੇਸ਼ਾ ਹੀ ਬਾਬਾ ਸਾਹਿਬ ਜੀ ਦਾ ਨਾਮ ਲੈ ਕੇ ਬਹੁਜਨ ਸਮਾਜ ਨੂੰ ਗੁੰਮਰਾਹ ਕੀਤਾ ਹੈ। ਇਹ ਪਾਰਟੀਆਂ ਕਹਿੰਦੀਆਂ ਕੁੱਝ ਹੋਰ ਹਨ ਪਰ ਜ਼ਮੀਨੀ ਪੱਧਰ ਤੇ ਕਰਦੀਆਂ ਕੁੱਝ ਹੋਰ ਹਨ, ਇਨਾਂ ਨੇ ਹਮੇਸ਼ਾ ਗਰੀਬ ਦਲਿਤ ਸਮਾਜ ਦਾ ਸ਼ੋਸ਼ਣ ਹੀ ਕੀਤਾ ਹੈ। ਠੇਕੇਦਾਰ ਨੇ ਕਿਹਾ ਕਿ ਬਸਪਾ ਨੇ"ਪੰਜਾਬ ਸੰਭਾਲੋ ਮੁਹਿੰਮ" ਤਹਿਤ ਨਸ਼ਿਆਂ, ਬੇਰੁਜ਼ਗਾਰੀ, ਮਹਿੰਗਾਈ, ਸਿੱਖਿਆ ਨੀਤੀ, ਭ੍ਰਿਸ਼ਟਾਚਾਰ ਅਤੇ ਪਵਿੱਤਰ ਧਰਤੀ ਸ੍ਰੀ ਖੁਰਾਲਗੜ ਸਾਹਿਬ ਵਿਚੋਂ ਸ਼ਰਾਬ ਦਾ ਠੇਕਾ ਤੇ ਨਜਾਇਜ ਬ੍ਰਾਂਚਾਂ ਬੰਦ ਕਰਾਉਣ ਲਈ ਅੰਦੋਲਨ ਸ਼ੁਰੂ ਕੀਤਾ ਹੈ ਜਿਸ ਤਹਿਤ ਪੰਜਾਬ ਵਿੱਚ ਬਲਾਕ ਪੱਧਰ ਤੇ ਸਰਕਾਰ ਦੇ ਪੁਤਲੇ ਫੂਕ ਕੇ ਪ੍ਰਦਰਸ਼ਨ ਕੀਤੇ ਜਾਣਗੇ। ਬਸਪਾ ਆਗੂ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਵਲੋਂ ਬਸਪਾ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਦੀ ਯੋਗ ਅਗਵਾਈ ਹੇਠ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਪੂਰੀ ਤਰਾਂ ਲਾਗੂ ਕਰਾਉਣ, ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ, ਸਿੱਖਿਆ ਕ੍ਰਾਂਤੀ ਤਹਿਤ ਸਕੂਲਾਂ ਚ100%



ਅਧਿਆਪਕ ਭਰਤੀ ਕਰਨ, ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਕਾਨੂੰਨ ਲਾਗੂ ਕਰਨ, ਪੰਜਾਬ ਦੀ ਤਰੱਕੀ ਵਿਕਾਸ ਅਤੇ ਸਿਹਤ ਸਿਸਟਮ ਵਿੱਚ ਸੁਧਾਰ ਲਈ ਪੰਜਾਬ ਅੰਦਰ ਵੱਡਾ ਅੰਦੋਲਨ ਛੇੜ ਦਿੱਤਾ ਹੈ, ਉਨਾਂ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਬਹੁਜਨ ਸਮਾਜ ਪਾਰਟੀ ਦੇ ਨੀਲੇ ਝੰਡੇ ਹੇਠ ਇਕੱਠੇ ਹੋ ਕੇ ਪੰਜਾਬ ਸੰਭਾਲੋ ਮੁਹਿੰਮ ਨੂੰ ਸਫਲ ਕਰਨ ਲਈ ਆਪਣਾ ਬਣਦਾ ਹਿੱਸਾ ਜਰੂਰ ਪਾਉਣ ।

# ਭਾਰਤ ਵਿੱਚ ਬ੍ਰਿਟਿਸ਼ ਸ਼ਾਸਨ ਦੀ ਨੀਂਹ ਰੱਖਣ ਵਾਲੇ ਰਾਬਰਟ ਕਲਾਈਵ ਦੀ ਸ਼ਾਨ, ਅਪਮਾਨ ਅਤੇ ਅੰਤ ਦੀ ਕਹਾਣੀ

"Equality and justice"
Patiala 30 June
INTERNATIONAL PAPER, 94636 01616
hardipchumber57@gmail.com

ਰੌਬਰਟ ਕਲਾਈਵ ਦਾ ਅਕਸ ਬਚਪਨ ਤੋਂ ਹੀ ਇੱਕ ਸ਼ਰਾਰਤੀ ਅਤੇ ਲੜਾਕੇ ਬੱਚੇ ਵਾਲਾ ਸੀ।

ਸੱਤ ਸਾਲ ਦੀ ਉਮਰ ਤੱਕ ਉਹ ਲੜਨ ਦੇ ਆਦੀ ਹੋ ਗਏ ਸਨ।

ਨਿਮਰਤਾ, ਉਦਾਰਤਾ ਅਤੇ ਸਬਰ ਕੁਝ ਅਜਿਹੇ ਗੁਣ ਸਨ, ਜਿਨ੍ਹਾਂ ਨਾਲ ਕਲਾਈਵ ਦਾ ਆਪਣੀ ਸਾਰੀ ਜ਼ਿੰਦਗੀ ਕੋਈ ਵਾਸਤਾ ਨਹੀਂ ਰਿਹਾ।

ਬ੍ਰਿਟਿਸ਼ ਇਤਿਹਾਸਕਾਰ ਜਾਰਜ ਫੋਰੈਸਟ ਨੇ ਆਪਣੀ ਕਿਤਾਬ 'ਦਿ ਲਾਈਫ ਆਫ਼ ਲਾਰਡ ਕਲਾਈਵ' ਵਿੱਚ ਲਿਖਿਆ ਹੈ, "ਕਿਸ਼ੋਰ ਅਵਸਥਾ ਤੱਕ ਪਹੁੰਚਦੇ-ਪਹੁੰਚਦੇ ਕਲਾਈਵ ਇੱਕ ਕਿਸਮ ਨਾਲ ਨਾਬਾਲਗ ਅਪਰਾਧੀ ਬਣ ਗਏ ਸਨ।"

"ਉਹ ਆਪਣੇ ਪਿੰਡ ਵਿੱਚ ਪਰੇਸ਼ਾਨ ਵਪਾਰੀਆਂ ਦੀ ਸੁਰੱਖਿਆ ਲਈ ਇੱਕ ਰੈਕਟ ਚਲਾਉਂਦੇ ਸਨ। ਜਿਹੜਾ ਵਪਾਰੀ ਉਨ੍ਹਾਂ ਦੀ ਗੱਲ ਨਹੀਂ ਮੰਨਦਾ ਸੀ, ਉਸ ਦੀ ਦੁਕਾਨ 'ਚ ਪਾਣੀ ਭਰ ਦੇਣਾ ਉਨ੍ਹਾਂ ਦਾ ਖਾਸ ਸ਼ੌਕ ਬਣ ਗਿਆ ਸੀ।"

17 ਸਾਲ ਦੀ ਉਮਰ ਤੱਕ, ਕਲਾਈਵ ਦੇ ਪਿਤਾ ਰਿਚਰਡ ਕਲਾਈਵ ਨੂੰ ਅਹਿਸਾਸ ਹੋ ਗਿਆ ਸੀ ਕਿ ਉਨ੍ਹਾਂ ਨੂੰ ਕਾਬੂ ਕਰਨਾ ਉਨ੍ਹਾਂ ਦੇ ਵੱਸ 'ਚ ਨਹੀਂ ਸੀ।

ਖੁਸ਼ਕਿਸਮਤੀ ਨਾਲ, ਉਹ ਈਸਟ ਇੰਡੀਆ ਕੰਪਨੀ ਦੇ ਇੱਕ ਡਾਇਰੈਕਟਰ ਨੂੰ ਜਾਣਦੇ ਸਨ।

ਉਸ ਦੀ ਸਿਫ਼ਾਰਸ਼ 'ਤੇ, ਰਾਬਰਟ ਪਹਿਲੀ ਵਾਰ 15 ਦਸੰਬਰ 1742 ਨੂੰ ਈਸਟ ਇੰਡੀਆ ਕੰਪਨੀ ਦੇ ਦਫ਼ਤਰ ਗਏ, ਜਿੱਥੇ ਉਨ੍ਹਾਂ ਨੂੰ ਇੱਕ ਲੇਖਕ ਜਾਂ ਕਲਰਕ ਵਜੋਂ ਨਿਯੁਕਤ ਕੀਤਾ ਗਿਆ।

ਨਿਯੁਕਤੀ ਦੇ ਤਿੰਨ ਮਹੀਨੇ ਬਾਅਦ ਉਹ ਇੱਕ ਜਹਾਜ਼ ਰਾਹੀਂ ਭਾਰਤ ਲਈ ਰਵਾਨਾ ਹੋ ਗਏ।

## ਸ਼ੁਰੂ ਤੋਂ ਹੀ ਭਾਰਤ ਨਾਪਸੰਦ ਸੀ

ਕਲਾਈਵ ਦਾ ਭਾਰਤ ਆਉਣ ਦਾ ਸਫ਼ਰ ਬਹੁਤ ਮੁਸ਼ਕਲ ਸੀ। ਰਸਤੇ ਵਿੱਚ, ਉਹ ਜਹਾਜ਼ ਤੋਂ ਸਮੁੰਦਰ ਵਿੱਚ ਡਿੱਗ ਪਏ ਅਤੇ ਡੁੱਬਣ ਤੋਂ ਵਾਲ-ਵਾਲ ਬਚੇ। ਸੰਜੋਗ ਨਾਲ, ਇੱਕ ਮਲਾਹ ਨੇ ਉਨ੍ਹਾਂ ਨੂੰ ਦੇਖ ਲਿਆ ਅਤੇ ਉਸ ਨੂੰ ਡੁੱਬਣ ਤੋਂ ਬਚਾ ਲਿਆ।

ਮਦਰਾਸ ਪਹੁੰਚਣ ਤੋਂ ਬਾਅਦ, ਕਲਾਈਵ ਨੇ ਇਕੱਲਤਾ ਅਤੇ ਨੀਰਸ ਜੀਵਨ ਬਤੀਤ ਕਰਨਾ ਸ਼ੁਰੂ ਕਰ ਦਿੱਤਾ। ਕਈ ਵਾਰ ਉਹ ਆਪਣੇ ਸਾਥੀਆਂ ਨਾਲ ਲੜ ਪੈਂਦੇ।

ਇੱਕ ਵਾਰ ਉਨ੍ਹਾਂ ਨੇ ਫੋਰਟ ਸੇਂਟ ਜਾਰਜ ਦੇ ਸੈਕਟਰੀ ਨਾਲ ਇੰਨਾ ਬੁਰਾ ਵਿਵਹਾਰ ਕੀਤਾ ਕਿ ਗਵਰਨਰ ਨੇ ਉਨ੍ਹਾਂ ਨੂੰ ਸਾਰਿਆਂ ਦੇ ਸਾਹਮਣੇ ਮੁਆਫੀ ਮੰਗਣ ਲਈ ਕਿਹਾ।

ਵਿਲੀਅਮ ਡੈਲਰਿੰਪਲ ਆਪਣੀ ਕਿਤਾਬ 'ਦਿ ਐਨਾਰਕੀ' ਵਿੱਚ ਲਿਖਦੇ ਹਨ, "ਕਲਾਈਵ ਨੂੰ ਜਲਦੀ ਹੀ ਭਾਰਤ ਨਾਲ ਨਫ਼ਰਤ ਹੋ ਗਈ, ਜਿਸ ਨੂੰ ਉਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਨਹੀਂ ਛੱਡਿਆ। ਭਾਰਤ ਵਿੱਚ ਇੱਕ ਸਾਲ ਬਿਤਾਉਣ ਤੋਂ ਬਾਅਦ, ਉਨ੍ਹਾਂ ਨੇ ਆਪਣੇ ਘਰ ਇੱਕ ਪੱਤਰ ਲਿਖਿਆ, ਜਿਸ 'ਚ ਉਨ੍ਹਾਂ ਨੇ ਕਿਹਾ ਕਿ ਮੈਂ ਆਪਣਾ ਦੇਸ਼ ਛੱਡਣ ਤੋਂ ਬਾਅਦ ਇੱਕ ਵੀ ਖੁਸ਼ਹਾਲ ਦਿਨ ਨਹੀਂ ਬਿਤਾਇਆ।"

"ਉਹ ਇੰਨਾ ਡਿਪਰੈਸ਼ਨ ਵਿੱਚ ਚਲਿਆ ਗਿਆ ਕਿ ਉਸਨੇ ਇੱਕ ਵਾਰ ਖੁਦਕੁਸ਼ੀ ਵੀ ਕਰਨ ਦੀ ਕੋਸ਼ਿਸ਼ ਕੀਤੀ।"

## ਕੋਈ ਭਾਰਤੀ ਭਾਸ਼ਾ ਸਿੱਖਣ ਦੀ ਕੋਸ਼ਿਸ਼ ਨਹੀਂ ਕੀਤੀ

ਕੀਥ ਫੀਲਿੰਗ ਆਪਣੀ ਕਿਤਾਬ 'ਵਾਰਨ ਹੇਸਟਿੰਗਜ਼' ਵਿੱਚ ਲਿਖਦੇ ਹਨ, "ਕਲਾਈਵ ਨੂੰ ਕਦੇ ਵੀ ਭਾਰਤ ਵਿੱਚ ਕੋਈ ਦਿਲਚਸਪੀ ਨਹੀਂ ਸੀ। ਉਹ ਇਸ ਦੀ ਸੁੰਦਰਤਾ ਤੋਂ ਕਦੇ ਪ੍ਰਭਾਵਿਤ ਨਹੀਂ ਹੋਇਆ... ਨਾ ਹੀ ਉਸ ਨੂੰ ਇਸਦੇ ਇਤਿਹਾਸ, ਧਰਮ ਅਤੇ ਪ੍ਰਾਚੀਨ ਸਭਿਅਤਾ ਬਾਰੇ ਜਾਣਨ ਦੀ ਕੋਈ ਇੱਛਾ ਸੀ। ਉਸ ਨੂੰ ਇੱਥੋਂ ਦੇ ਲੋਕਾਂ ਬਾਰੇ ਕੋਈ ਉਤਸੁਕਤਾ ਨਹੀਂ ਸੀ। ਉਹ ਭਾਰਤੀ ਲੋਕਾਂ ਨੂੰ ਨਫ਼ਰਤ ਨਾਲ ਦੇਖਦਾ ਸੀ।"

ਪਰ ਕਲਾਈਵ ਵਿੱਚ ਸ਼ੁਰੂ ਤੋਂ ਹੀ ਆਪਣੇ ਵਿਰੋਧੀ ਦੀ ਯੋਗਤਾ ਦਾ ਅੰਦਾਜ਼ਾ ਲਗਾਉਣ ਅਤੇ ਮੌਕੇ ਦਾ ਫਾਇਦਾ ਉਠਾਉਣ ਦੀ ਯੋਗਤਾ ਸੀ। ਉਨ੍ਹਾਂ ਵਿੱਚ ਸ਼ੁਰੂ ਤੋਂ ਹੀ ਜੋਖਮ ਲੈਣ ਦੀ ਹਿੰਮਤ ਵੀ ਸੀ।

ਉਨ੍ਹਾਂ ਵਿੱਚ ਨਤੀਜਿਆਂ ਦੀ ਚਿੰਤਾ ਕੀਤੇ ਬਿਨਾਂ ਬਹਾਦਰੀ ਦਿਖਾਉਣ ਦਾ ਗੁਣ ਵੀ ਸੀ। 1746 ਵਿੱਚ ਫਰਾਂਸੀਸੀ ਹਮਲੇ ਅਤੇ ਮਦਰਾਸ 'ਤੇ ਜਿੱਤ ਤੋਂ ਬਾਅਦ ਉਨ੍ਹਾਂ ਦਾ ਇਹ ਗੁਣ ਸਾਹਮਣੇ ਆਇਆ।

## ਕਲਾਈਵ ਨੂੰ ਮਿਲਿਆ ਲੈਫਟੀਨੈਂਟ ਦਾ ਦਰਜਾ

ਜਦੋਂ ਫਰਾਂਸੀਸੀ ਜਨਰਲ ਡੁਪਲੈਕਸ ਨੇ ਮਦਰਾਸ 'ਤੇ ਕਬਜ਼ਾ ਕੀਤਾ ਤਾਂ ਕਲਾਈਵ ਉੱਥੇ ਹੀ ਸਨ। ਉਨ੍ਹਾਂ ਨੇ ਰਾਤ ਨੂੰ ਆਪਣਾ ਭੇਸ ਬਦਲਿਆ, ਫਰਾਂਸੀਸੀ ਸੈਨਿਕਾਂ ਨੂੰ ਚਕਮਾ ਦਿੱਤਾ ਅਤੇ ਸ਼ਹਿਰ ਤੋਂ ਭੱਜ ਗਏ ਅਤੇ ਪੈਦਲ ਹੀ ਫੋਰਟ ਸੇਂਟ ਡੇਵਿਸ ਪਹੁੰਚ ਗਏ, ਜੋ ਕਿ ਕੋਰੋਮੰਡਲ ਤੱਟ 'ਤੇ ਇੱਕ ਛੋਟਾ ਜਿਹਾ ਬ੍ਰਿਟਿਸ਼ ਟਿਕਾਣਾ ਸੀ।

ਇੱਥੇ ਉਨ੍ਹਾਂ ਨੂੰ 'ਓਲਡ ਕਾਕ' ਵਜੋਂ ਮਸ਼ਹੂਰ ਸਟ੍ਰਿੰਗਰ ਲਾਰੈਂਸ ਨੇ ਲੜਨ ਦੀ ਸਿਖਲਾਈ ਦਿੱਤੀ ਗਈ। ਲਾਰੈਂਸ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ ਕਲਾਈਵ ਦੀ ਪ੍ਰਤਿਭਾ ਨੂੰ ਪਛਾਣਿਆ ਸੀ।

1740 ਦੇ ਦਹਾਕੇ ਵਿੱਚ ਡੁਪਲੈਕਸ ਨਵਾਬਾਂ ਦੀ ਸੇਵਾ ਲਈ ਆਪਣੀਆਂ ਫੌਜਾਂ ਭੇਜ ਰਿਹਾ ਸੀ। ਕਲਾਈਵ ਆਪਣੇ ਫੌਜੀ ਗੁਣਾਂ ਕਾਰਨ ਲੈਫਟੀਨੈਂਟ ਦੇ ਅਹੁਦੇ 'ਤੇ ਪਹੁੰਚ ਚੁਕੇ ਸਨ।

ਉਸੇ ਸਮੇਂ, ਲਾਰੈਂਸ ਅਤੇ ਕਲਾਈਵ ਨੇ ਫਰਾਂਸੀਸੀ ਸੈਨਿਕਾਂ ਦੀ ਨਕਲ ਕਰਕੇ ਆਪਣੇ ਸੈਨਿਕਾਂ ਨੂੰ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ।

ਸ਼ੁਰੂ ਵਿੱਚ, ਈਸਟ ਇੰਡੀਆ ਕੰਪਨੀ ਕੋਲ ਸਿਰਫ਼ ਕੁਝ ਸੌ ਸੈਨਿਕ ਸਨ। ਉਨ੍ਹਾਂ ਕੋਲ ਸਹੀ ਵਰਦੀਆਂ ਵੀ ਨਹੀਂ ਸਨ।

1750 ਦੇ ਦਹਾਕੇ ਦੇ ਮੱਧ ਵਿੱਚ ਆਪਣੇ ਪਿਤਾ ਨੂੰ ਭੇਜੇ ਗਏ ਇੱਕ ਪੱਤਰ ਵਿੱਚ, ਕਲਾਈਵ ਨੇ ਲਿਖਿਆ, 'ਉਨ੍ਹਾਂ ਦਿਨਾਂ ਵਿੱਚ ਅਸੀਂ ਯੁੱਧ ਦੀ ਕਲਾ ਵਿੱਚ ਕਿੰਨੇ ਨੌਸਿਖੀਏ ਸੀ।"

ਕਲਾਈਵ ਨੂੰ ਪਹਿਲੀ ਵਾਰ 26 ਅਗਸਤ 1751 ਨੂੰ ਪ੍ਰਸਿੱਧੀ ਮਿਲੀ ਜਦੋਂ ਉਨ੍ਹਾਂ ਨੇ 200 ਬ੍ਰਿਟਿਸ਼ ਅਤੇ 300 ਭਾਰਤੀ ਸੈਨਿਕਾਂ ਨਾਲ ਮੋਹਲੇਧਾਰ ਮੀਂਹ ਦੇ ਵਿਚਾਲੇ ਕਰਨਾਟਕ ਦੇ ਨਵਾਬ ਦੀ ਰਾਜਧਾਨੀ ਆਰਕੋਟ ਦੀ ਘੇਰਾਬੰਦੀ ਤੋਂ ਛੁਟਕਾਰਾ ਪਾਉਣ ਲਈ ਮਾਰਚ ਕੀਤਾ।

ਸਰ ਪੈਂਡਰਲ ਮੂਨ ਆਪਣੀ ਕਿਤਾਬ 'ਦਿ ਬ੍ਰਿਟਿਸ਼ ਕਨਕੁਏਸਟ ਐਂਡ ਡੋਮੀਨੀਅਨ ਆਫ਼ ਇੰਡੀਆ' ਵਿੱਚ ਲਿਖਦੇ ਹਨ, "ਕਲਾਈਵ ਨੇ ਤੂਫਾਨ ਦੇ ਵਿਚਕਾਰ ਹਮਲਾ ਕਰਕੇ ਫਰਾਂਸੀਸੀ ਸੈਨਿਕਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਹੈਰਾਨ ਕਰ ਦਿੱਤਾ। ਇਸ ਜਿੱਤ ਨੇ ਪਹਿਲੀ ਵਾਰ ਇਹ ਪ੍ਰਭਾਵ ਦਿੱਤਾ ਕਿ ਈਸਟ ਇੰਡੀਆ ਕੰਪਨੀ ਭਾਰਤ ਵਿੱਚ ਇੱਕ ਸਫਲ ਫੌਜੀ ਮੁਹਿੰਮ ਵੀ ਚਲਾ ਸਕਦੀ ਹੈ। ਇਸ ਜਿੱਤ ਨੇ ਕੰਪਨੀ ਦੇ ਵਿਸ਼ਵਾਸ ਨੂੰ ਵਧਾਉਣ ਵਿੱਚ ਬਹੁਤ ਯੋਗਦਾਨ ਪਾਇਆ। ਇੱਕ ਸਿਪਾਹੀ ਦੇ ਤੌਰ 'ਤੇ, ਗਤੀ ਅਤੇ ਅਚੰਭਾ ਦੇਣ ਦਾ ਇਸਤੇਮਾਲ ਕਲਾਈਵ ਦੀ ਮਨਪਸੰਦ ਰਣਨੀਤੀ ਸੀ।"








## ਫਰਾਂਸੀਸੀ ਕਮਾਂਡਰ ਦਾ ਸਮਰਪਣ

ਕਲਾਈਵ ਦੀ ਸਭ ਤੋਂ ਵੱਡੀ ਸਫਲਤਾ 1752 ਵਿੱਚ ਆਈ ਜਦੋਂ ਉਨ੍ਹਾਂ ਨੇ ਮਦਰਾਸ 'ਤੇ ਹੋਣ ਵਾਲੇ ਹਮਲੇ ਨੂੰ ਨਾਕਾਮ ਕਰ ਦਿੱਤਾ।

ਉਨ੍ਹਾਂ ਨੇ ਅਤੇ ਸਟ੍ਰਿੰਗਰ ਲਾਰੈਂਸ ਨੇ ਨਵਾਬ ਮੁਹੰਮਦ ਅਲੀ ਨੂੰ ਹਰਾਇਆ ਅਤੇ ਆਰਕੋਟ ਅਤੇ ਤਿਰੂਚਿਰਾਪੱਲੀ 'ਤੇ ਕਬਜ਼ਾ ਕਰ ਲਿਆ। 13 ਜੂਨ 1752 ਨੂੰ, ਫਰਾਂਸੀਸੀ ਕਮਾਂਡਰ ਨੇ ਕਲਾਈਵ ਅੱਗੇ ਆਤਮ ਸਮਰਪਣ ਕਰ ਦਿੱਤਾ।

ਕਲਾਈਵ ਨੇ ਕੁੱਲ 85 ਫਰਾਂਸੀਸੀ ਅਤੇ 2,000 ਭਾਰਤੀ ਸੈਨਿਕਾਂ ਨੂੰ ਹਿਰਾਸਤ 'ਚ ਲਿਆ। ਸਰ ਪੈਂਡਰਲ ਮੂਨ ਨੇ ਲਿਖਿਆ, "ਇਸ ਜਿੱਤ ਨੇ ਡੁਪਲੈਕਸ ਦੀ ਇੱਛਾ ਨੂੰ ਇੱਕ ਵੱਡਾ ਝਟਕਾ ਦਿੱਤਾ। ਜਦੋਂ ਉਸ ਨੇ ਇਹ ਖ਼ਬਰ ਸੁਣੀ ਤਾਂ ਉਹ ਆਪਣਾ ਖਾਣਾ ਵੀ ਨਹੀਂ ਖਾ ਸਕਿਆ।"

"ਕੁਝ ਦਿਨਾਂ ਬਾਅਦ ਉਸ ਨੂੰ ਬਰਖਾਸਤ ਕਰ ਦਿੱਤਾ ਗਿਆ ਅਤੇ ਬੇਇੱਜ਼ਤੀ ਕਰ ਫਰਾਂਸ ਵਾਪਸ ਭੇਜ ਦਿੱਤਾ ਗਿਆ। ਇਸ ਦੇ ਉਲਟ, ਕਲਾਈਵ ਦਾ ਮਦਰਾਸ ਵਿੱਚ ਇੱਕ ਨਾਇਕ ਵਜੋਂ ਸਵਾਗਤ ਕੀਤਾ ਗਿਆ।"

## ਜਦੋਂ ਕਲਾਈਵ ਬਣੇ ਲੈਫਟੀਨੈਂਟ ਕਰਨਲ

ਇਸ ਸਫਲਤਾ ਲਈ, ਕਲਾਈਵ ਨੂੰ ਨਾ ਸਿਰਫ਼ ਕੁਆਰਟਰ-ਮਾਸਟਰ ਦਾ ਅਹੁਦਾ ਦਿੱਤਾ ਗਿਆ ਸਗੋਂ 40 ਹਜ਼ਾਰ ਪੌਂਡ ਦਾ ਇਨਾਮ ਵੀ ਦਿੱਤਾ ਗਿਆ।

23 ਮਾਰਚ, 1753 ਨੂੰ ਕਲਾਈਵ ਅਤੇ ਉਨ੍ਹਾਂ ਦੀ ਪਤਨੀ ਬੰਬੇ ਕੈਸਲ ਜਹਾਜ਼ 'ਤੇ ਇੰਗਲੈਂਡ ਲਈ ਰਵਾਨਾ ਹੋਏ। ਲੰਡਨ ਪਹੁੰਚ ਕੇ, ਉਨ੍ਹਾਂ ਨੇ ਤੁਰੰਤ ਪਰਿਵਾਰ ਦੇ ਕਰਜ਼ੇ ਚੁਕਾ ਦਿੱਤੇ। ਉਨ੍ਹਾਂ ਨੇ ਬ੍ਰਿਟਿਸ਼ ਸੰਸਦ ਦਾ ਮੈਂਬਰ ਬਣਨ ਦੀ ਵੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਦਾ ਸਿਆਸੀ ਕਰੀਅਰ ਉੱਭਰ ਨਹੀਂ ਸਕਿਆ।

ਫਰਾਂਸੀਸੀ ਹਮਲੇ ਦੀ ਸੰਭਾਵਨਾ ਨੂੰ ਦੇਖਦੇ ਹੋਏ, ਉਨ੍ਹਾਂ ਨੂੰ ਇੱਕ ਵਾਰ ਫਿਰ ਭਾਰਤ ਬੁਲਾਏ ਗਏ। ਇਸ ਵਾਰ ਕਲਾਈਵ ਨੂੰ ਮਦਰਾਸ ਦੇ ਡਿਪਟੀ ਗਵਰਨਰ ਦੇ ਨਾਲ-ਨਾਲ ਫੌਜ ਵਿੱਚ ਲੈਫਟੀਨੈਂਟ ਕਰਨਲ ਦਾ ਅਹੁਦਾ ਵੀ ਦਿੱਤਾ ਗਿਆ।

ਜਦੋਂ ਬੰਗਾਲ ਦੇ ਨਵਾਬ ਸਿਰਾਜ-ਉਦ-ਦੌਲਾ ਨੇ 1756 ਵਿੱਚ ਕਲਕੱਤਾ ਵਿੱਚ ਫੋਰਟ ਵਿਲੀਅਮ 'ਤੇ ਕਬਜ਼ਾ ਕਰ ਲਿਆ, ਤਾਂ ਇਹ ਖ਼ਬਰ 16 ਅਗਸਤ ਨੂੰ ਮਦਰਾਸ ਪਹੁੰਚੀ।

ਉਸੇ ਸਮੇਂ, ਰਾਬਰਟ ਕਲਾਈਵ ਐਡਮਿਰਲ ਵਾਟਸਨ ਦੇ ਜਹਾਜ਼ਾਂ ਦੇ ਬੇੜੇ ਨਾਲ ਕੋਰੋਮੰਡਲ ਤੱਟ ਤੋਂ ਪਹੁੰਚੇ। ਉਹ ਇੱਕ ਸੰਭਾਵੀ ਫਰਾਂਸੀਸੀ ਹਮਲੇ ਦਾ ਮੁਕਾਬਲਾ ਕਰਨ ਲਈ ਤਿਆਰ ਸਨ, ਪਰ ਕਲਾਈਵ ਨੇ ਜ਼ੋਰ ਦੇ ਕੇ ਕਿਹਾ ਕਿ ਬੰਗਾਲ ਵਿੱਚ ਕੰਪਨੀ ਨੂੰ ਦਰਪੇਸ਼ ਚੁਣੌਤੀ ਦਾ ਸਾਹਮਣਾ ਕਰਨਾ ਵਧੇਰੇ ਮਹੱਤਵਪੂਰਨ ਹੈ।

ਦੋ ਮਹੀਨਿਆਂ ਦੀ ਤਿਆਰੀ ਤੋਂ ਬਾਅਦ, 785 ਬ੍ਰਿਟਿਸ਼ ਫੌਜੀ, 940 ਭਾਰਤੀ ਫੌਜੀ ਅਤੇ 300 ਸਮੁੰਦਰੀ ਫੌਜੀ ਸਮੁੰਦਰ ਰਾਹੀਂ ਕਲਕੱਤਾ ਲਈ ਰਵਾਨਾ ਹੋਏ।

